# ਨਗਰ ਨਿਗਮ, ਬਠਿੰਡਾ।

## ਕਾਰਵਾਈ ਜਨਰਲ ਹਾਊਸ ਦੀ ਮੀਟਿੰਗ ਮਿਤੀ 27.05.2016 ਨੂੰ ਦੁਪਹਿਰ 12.00 ਵਜੇ

ਅੱਜ ਮਿਤੀ 27.05.2016 ਨੂੰ ਦੁਪਹਿਰ 12.00 ਵਜੇ ਸ਼੍ਰੀ ਬਲਵੰਤ ਰਾਏ ਨਾਥ, ਮੇਅਰ, ਨਗਰ ਨਿਗਮ ਬਠਿੰਡਾ ਜੀ ਦੀ ਪ੍ਰਧਾਨਗੀ ਹੇਠ ਜਨਰਲ ਹਾਊਸ ਦੀ ਮੀਟਿੰਗ ਨਗਰ ਨਿਗਮ ਦੇ ਮੀਟਿੰਗ ਹਾਲ ਵਿੱਚ ਹੋਈ। ਮੀਟਿੰਗ ਵਿੱਚ ਹੇਠ ਲਿਖੇ ਕੌਂਸਲਰ ਸਾਹਿਬਾਨ ਨੇ ਹਿੱਸਾ ਲਿਆ।

| ਲੜੀ ਨੰ: | ਕੌਂਸਲਰ ਦਾ ਨਾਮ ਸਰਵ ਸ਼੍ਰੀ/ਸ਼੍ਰੀਮਤੀ | ਵਾਰਡ ਨੰਬਰ | ਅਹੁੱਦਾ |
|---|---|---|---|
| 1 | ਗੁਰਿੰਦਰਪਾਲ ਕੌਰ ਮਾਂਗਟ | 1 | ਡਿਪਟੀ ਮੇਅਰ |
| 2 | ਮਲਕੀਤ ਸਿੰਘ | 2 | ਕੌਂਸਲਰ |
| 3 | ਰਾਜਿੰਦਰ ਸਿੰਘ ਸਿੱਧੂ | 3 | ਕੌਂਸਲਰ |
| 4 | ਜਸਵੀਰ ਕੌਰ | 4 | ਕੌਂਸਲਰ |
| 5 | ਸੁਖਦੇਵ ਸਿੰਘ ਬਰਾੜ | 5 | ਕੌਂਸਲਰ |
| 6 | ਸ਼ੈਰੀ ਗੋਇਲ | 6 | ਕੌਂਸਲਰ |
| 7 | ਹਰਪਾਲ ਸਿੰਘ | 7 | ਕੌਂਸਲਰ |
| 8 | ਪਰਮਿੰਦਰ ਕੌਰ ਸਿੱਧੂ | 8 | ਕੌਂਸਲਰ |
| 9 | ਬਲਜੀਤ ਸਿੰਘ ਰਾਜੂ ਸਰਾਂ | 9 | ਕੌਂਸਲਰ |
| 10 | ਅਸ਼ੇਸ਼ਰ ਪਾਸਵਾਨ | 10 | ਕੌਂਸਲਰ |
| 11 | ਹਰਜਿੰਦਰ ਸਿੰਘ | 11 | ਕੌਂਸਲਰ |
| 12 | ਪੰਕਜ ਅਰੋੜਾ | 12 | ਕੌਂਸਲਰ |
| 13 | ਰਾਜਵਿੰਦਰ ਸਿੰਘ ਸਿੱਧੂ | 13 | ਕੌਂਸਲਰ |
| 14 | ਬਲਜੀਤ ਸਿੰਘ ਬੀੜ ਬਹਿਮਣ | 15 | ਕੌਂਸਲਰ |
| 15 | ਅਰਵਿੰਦ ਕਿਰਨ ਚੀਮਾ | 16 | ਕੌਂਸਲਰ |
| 16 | ਹਰਮਿੰਦਰ ਸਿੰਘ | 17 | ਕੌਂਸਲਰ |
| 17 | ਬੇਅੰਤ ਸਿੰਘ ਰੰਧਾਵਾ | 19 | ਕੌਂਸਲਰ |
| 18 | ਦਰਸ਼ਨ ਕੁਮਾਰ | 20 | ਕੌਂਸਲਰ |
| 19 | ਤਰਸੇਮ ਚੰਦ ਗੋਇਲ | 21 | ਸੀਨੀਅਰ ਡਿਪਟੀ ਮੇਅਰ |
| 20 | ਸੁਖਮਿੰਦਰ ਸਿੰਘ | 22 | ਕੌਂਸਲਰ |
| 21 | ਕਮਲੇਸ਼ ਰਾਣੀ | 23 | ਕੌਂਸਲਰ |
| 22 | ਜਸਵੀਰ ਸਿੰਘ ਜੱਸਾ | 25 | ਕੌਂਸਲਰ |
| 23 | ਦਰਸ਼ਨਾ ਰਾਣੀ | 26 | ਕੌਂਸਲਰ |
| 24 | ਰਾਜ ਕੁਮਾਰ | 27 | ਕੌਂਸਲਰ |
| 25 | ਨੀਲਾਮ ਰਾਣੀ ਜਿੰਦਲ | 28 | ਕੌਂਸਲਰ |
| 26 | ਰਾਮ ਦਾਸ | 30 | ਕੌਂਸਲਰ |
| 27 | ਪ੍ਰੀਤਮ ਕੌਰ | 31 | ਕੌਂਸਲਰ |
| 28 | ਕਰਮਜੀਤ ਕੌਰ | 34 | ਕੌਂਸਲਰ |
| 29 | ਸ਼ੰਜੇ | 35 | ਕੌਂਸਲਰ |
| 30 | ਜੁਗਰਾਜ ਸਿੰਘ | 36 | ਕੌਂਸਲਰ |
| 31 | ਹਰਜਿੰਦਰ ਸਿੰਘ | 37 | ਕੌਂਸਲਰ |
| 32 | ਸੰਤੋਸ਼ ਕੁਮਾਰੀ ਮਹੰਤ | 38 | ਕੌਂਸਲਰ |
| 33 | ਗੁਰਬਚਨ ਸਿੰਘ ਖੁੱਬਣ | 39 | ਕੌਂਸਲਰ |
| 34 | ਛਿੰਦਰ ਕੌਰ | 40 | ਕੌਂਸਲਰ |
| 35 | ਅੰਜਨਾ ਰਾਣੀ | 41 | ਕੌਂਸਲਰ |
| 36 | ਪ੍ਰਦੀਪ ਗੋਇਲ | 42 | ਕੌਂਸਲਰ |
| 37 | ਗੁਰਸੇਵਕ ਸਿੰਘ ਮਾਨ | 43 | ਕੌਂਸਲਰ |
| 38 | ਨਿਰਮਲ ਸਿੰਘ ਸੰਧੂ | 44 | ਕੌਂਸਲਰ |
| 39 | ਸੁਖਵਿੰਦਰ ਕੌਰ | 45 | ਕੌਂਸਲਰ |
| 40 | ਹਰਵਿੰਦਰ ਕੁਮਾਰ | 46 | ਕੌਂਸਲਰ |
| 41 | ਨਿਰਮਲ ਕੌਰ | 47 | ਕੌਂਸਲਰ |
| 42 | ਗੁਰਮੀਤ ਕੌਰ | 49 | ਕੌਂਸਲਰ |
| 43 | ਜਗਸੀਰ ਸਿੰਘ ਬੰਗੀ | 50 | ਕੌਂਸਲਰ |
| 44 | ਸ਼੍ਰੀ ਸਰੂਪ ਚੰਦ ਸਿੰਗਲਾ | | ਐਕਸ ਆਫਿਸ਼ੀਓ ਮੈਂਬਰ |

ਮੀਟਿੰਗ ਦੀ ਕਾਰਵਾਈ ਸ਼ੁਰੂ ਹੁੰਦੇ ਹੀ ਸ਼੍ਰੀ ਜਸਵੀਰ ਸਿੰਘ ਜੱਸਾ, ਕੌਂਸਲਰ ਨੇ ਕਿਹਾ ਕਿ ਸ਼ਹਿਰ ਵਿੱਚ ਨਗਰ ਨਿਗਮ ਵੱਲੋਂ ਲਗਾਤਾਰ ਵਿਕਾਸ ਦੇ ਕੰਮ ਕਰਵਾਏ ਜਾ ਰਹੇ ਹਨ। ਉਹਨਾਂ ਧਿਆਨ ਵਿੱਚ ਲਿਆਂਦਾ ਕਿ ਸ਼ਹਿਰ ਵਿੱਚ ਅਜੇ ਵੀ ਬਹੁਤ ਸਾਰਾ ਏਰੀਆ ਹੈ, ਜਿਸ ਵਿੱਚ ਵਿਕਾਸ ਦੇ ਕੰਮ ਕਰਵਾਉਣੇ ਅਜੇ ਬਾਕੀ ਹਨ। ਇਸ ਲਈ ਉਹਨਾਂ

ਹਾਊਸ ਨੂੰ ਬੇਨਤੀ ਕੀਤੀ ਕਿ ਸ਼ਹਿਰ ਵਿੱਚ ਜੋ ਵਿਕਾਸ ਦੇ ਕੰਮ ਪੈਡਿੰਗ ਪਏ ਹਨ, ਉਹਨਾਂ ਨੂੰ ਵੀ ਜਲਦ ਤੋਂ ਜਲਦ ਕਰਵਾਇਆ ਜਾਵੇ। ਸ਼੍ਰੀ ਗੁਰਬਚਨ ਸਿੰਘ ਖੁੱਬਣ, ਕੌਂਸਲਰ ਨੇ ਵੀ ਇਸ ਗੱਲ ਦੀ ਤਾਇਦ ਕੀਤੀ।

ਇਸਤੇ ਮੇਅਰ ਸਾਹਿਬ ਨੇ ਹਦਾਇਤ ਕੀਤੀ ਕਿ ਸ਼ਹਿਰ ਵਿੱਚ ਜੋ ਵਿਕਾਸ ਦੇ ਕੰਮ ਹੋਣ ਵਾਲੇ ਹਨ ਅਤੇ ਜਿੰਨ੍ਹਾਂ ਦੇ ਤਖਮੀਨੇ ਬਣਨ ਵਾਲੇ ਹਨ, ਉਹਤਖਮੀਨੇ ਬਣਾ ਕੇ ਹਾਊਸ ਦੀ ਮੀਟਿੰਗ ਵਿੱਚ ਪੇਸ਼ ਕੀਤੇ ਜਾਣ, ਤਾਂ ਜੋ ਬਾਕੀ ਰਹਿੰਦੇ ਵਿਕਾਸ ਦੇ ਕੰਮ ਕਰਵਾਏ ਜਾ ਸਕਣ।

ਸ਼੍ਰੀ ਜਸਵੀਰ ਸਿੰਘ ਜੱਸਾ, ਕੌਂਸਲਰ ਨੇ ਲਿਖਤੀ ਦਰਖਾਸਤ ਦਿੱਤੀ ਕਿ ਸ਼ਹਿਰ ਵਿੱਚ ਕਈ ਥਾਂਈਂ ਹੈਂਡ ਪੰਪ ਖਰਾਬ ਪਏ ਹਨ। ਗਰਮੀ ਦੇ ਮੌਸਮ ਨੂੰ ਦੇਖਦੇ ਹੋਏ ਇਹਨਾਂ ਨੂੰ ਜਲਦ ਤੋਂ ਜਲਦ ਠੀਕ ਕਰਵਾਇਆ ਜਾਵੇ।

ਇਸਤੇ ਮੇਅਰ ਸਾਹਿਬ ਨੇ ਹਦਾਇਤ ਕੀਤੀ ਕਿ ਹਰ ਜੂਨੀਅਰ ਇੰਜੀਨੀਅਰ ਨਿੱਜੀ ਜਿੰਮੇਵਾਰੀ ਨਾਲ ਆਪਣੇ-ਆਪਣੇ ਵਾਰਡ ਵਿੱਚ ਖਰਾਬ ਪਏ ਹੈਂਡ ਪੰਪ ਨੂੰ ਜਲਦ ਤੋਂ ਜਲਦ ਠੀਕ ਕਰਵਾਏ। ਉਹਨਾਂ ਹਰ ਖਰਾਬ ਪਏ ਹੈਂਡ ਪੰਪ ਨੂੰ 15 ਦਿਨਾਂ ਵਿੱਚ ਠੀਕ ਕਰਵਾਉਣ ਦੀ ਹਦਾਇਤ ਕੀਤੀ।

ਸ਼੍ਰੀ ਗੁਰਸੇਵਕ ਸਿੰਘ ਮਾਨ, ਕੌਂਸਲਰ ਨੇ ਉਹਨਾਂ ਦੇ ਏਰੀਏ ਵਿੱਚ ਤਕਰੀਬਨ 95% ਹਿੱਸੇ ਵਿੱਚ ਸੀਵਰੇਜ਼ ਪਾਉਣ ਖਾਤਰ ਸਮੁੱਚੇ ਹਾਊਸ ਅਤੇ ਸੀਵਰੇਜ਼ ਬੋਰਡ ਦੇ ਅਧਿਕਾਰੀ ਸ਼੍ਰੀ ਸ਼ਿਵ ਦਾਸ ਕਾਂਸਲ, ਕਾਰਜਕਾਰੀ ਇੰਜੀਨੀਅਰ ਦਾ ਧੰਨਵਾਦ ਕੀਤਾ।

ਸ਼੍ਰੀਮਤੀ ਗੁਰਿੰਦਰਪਾਲ ਕੋਰ ਮਾਂਗਟ, ਡਿਪਟੀ ਮੇਅਰ ਨੇ ਨਗਰ ਨਿਗਮ ਬਠਿੰਡਾ ਨੂੰ ਸਵੱਛ ਭਾਰਤ ਮਿਸ਼ਨ ਤਹਿਤ ਪ੍ਰਾਪਤ ਹੋਏ ਫੰਡਾਂ ਬਾਰੇ ਪੁੱਛਿਆ। ਉਹਨਾਂ ਕਿਹਾ ਕਿ ਇਸ ਮਿਸ਼ਨ ਤਹਿਤ ਜੋ ਪੋਸਟਰ/ਹੋਰਡਿੰਗਜ਼ ਲਗਵਾਏ ਜਾ ਰਹੇ ਹਨ, ਉਹ ਗਰੀਬ ਬਸਤੀਆਂ ਵਿੱਚ ਵੀ ਲਗਵਾਏ ਜਾਣ। ਉਹਨਾਂ ਆਪਣੇ ਵਾਰਡ ਵਿੱਚ ਵੀ ਵਾਟਰ ਸਪਲਾਈ ਐਤ ਸੀਵਰੇਜ਼ ਦੇ ਕੰਮ ਜਲਦੀ ਕਰਾਉਣ ਲਈ ਬੇਨਤੀ ਕੀਤੀ। ਉਹਨਾਂ ਇਹ ਵੀ ਕਿਹਾ ਕਿ ਤਖਮੀਨੇ ਜ਼ੋਨ ਵਾਈਜ਼ ਨਾ ਬਣਾ ਕੇ ਵਾਰਡ ਵਾਈਜ਼ ਬਣਾਏ ਜਾਣ।

ਸ਼੍ਰੀ ਸ਼ਿਵ ਦਾਸ ਕਾਂਸਲ, ਕਾਰਜਕਾਰੀ ਇੰਜੀਨੀਅਰ, ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਤੋਂ ਪੁੱਛਣ ਤੇ ਉਸ ਵੱਲੋਂ ਦਸਿਆ ਗਿਆ ਕਿ ਸ਼੍ਰੀਮਤੀ ਗੁਰਿੰਦਰਪਾਲ ਕੋਰ ਮਾਂਗਟ, ਡਿਪਟੀ ਮੇਅਰ ਜੀ ਦੇ ਵਾਰਡ ਦਾ ਸਰਵੈ ਕਰਵਾ ਲਿਆ ਗਿਆ ਹੈ।ਕੰਮ ਜਲਦੀ ਸ਼ੁਰੂ ਕਰਵਾ ਦਿੱਤਾ ਜਾਵੇਗਾ।

ਸ਼੍ਰੀ ਬਲਜੀਤ ਸਿੰਘ ਰਾਜੂ ਸਰਾਂ, ਕੌਂਸਲਰ ਨੇ ਕਿਹਾ ਕਿ ਆਮ ਪਬਲਿਕ ਵੱਲ ਪਾਣੀ ਅਤੇ ਸੀਵਰੇਜ਼ ਦੇ ਬਹੁਤ ਜਿਆਦਾ ਬਕਾਇਆਜਾਤ ਖੜ੍ਹੇ ਹਨ। ਪਿਛਲੀ ਮੀਟਿੰਗ ਵਿੱਚ ਹੋਏ ਫੈਸਲੇ ਅਨੁਸਾਰ ਪਾਣੀ ਅਤੇ ਸੀਵਰੇਜ਼ ਦੇ ਬਿਲਾਂ ਅਤੇ ਬਕਾਇਆਜਾਤ ਦੀ ਰਿਕਵਰੀ ਲਈ ਜ਼ੋਨ ਨੰਬਰ 1 ਅਤੇ 2 ਦਾ ਠੇਕਾ ਦੇ ਦਿੱਤਾ ਗਿਆ ਸੀ। ਉਹਨਾਂ ਦਸਿਆ ਕਿ ਲੋਕਾਂ ਵੱਲੋਂ ਇੱਕੋ ਵਾਰ 20000 ਰੁਪਏ ਦੇ ਕਰੀਬ ਖੜ੍ਹੇ ਬਕਾਇਆਜਾਤ ਨੂੰ ਭਰਨਾ ਮੁਸ਼ਕਿਲ ਹੋ ਰਿਹਾ ਹੈ। ਇਸ ਲਈ ਇਸ ਰਕਮ ਨੂੰ ਯਕਮੁਸ਼ਤ ਨਾਂ ਭਰਵਾ ਕੇ ਘੱਟੋ-ਘੱਟ 20 ਕਿਸ਼ਤਾਂ ਵਿੱਚ ਭਰਵਾ ਲਿਆ ਜਾਵੇ।

ਇਸਤੇ ਫੈਸਲਾ ਲਿਆ ਗਿਆ ਕਿ ਜਿੰਨ੍ਹਾਂ ਵਿਅਕਤੀਆਂ ਪਾਸ 20000/- ਰੁਪਏ ਤੋਂ ਵੱਧ ਦੀ ਰਕਮ ਦੇ ਪਾਣੀ ਅਤੇ ਸੀਵਰੇਜ਼ ਦੇ ਬਿਲ ਬਕਾਇਆ ਹਨ, ਉਹਨਾਂ ਪਾਸੋਂ 12 ਕਿਸ਼ਤਾਂ ਵਿੱਚ ਅਤੇ ਜਿੰਨ੍ਹਾਂ ਪਾਸ 20000/- ਰੁਪਏ ਤੋਂ ਘੱਟ ਰਕਮ ਦੇ ਬਕਾਇਆਜਾਤ ਹਨ, ਉਹਨਾਂ ਪਾਸੋਂ 6 ਕਿਸ਼ਤਾਂ ਵਿੱਚ ਇੱਕ ਸਾਲ ਦੇ ਅੰਦਰ-ਅੰਦਰ ਵਸੂਲੀ ਕੀਤੀ ਜਾਵੇ।

ਸ਼੍ਰੀਮਤੀ ਸ਼ੈਰੀ ਗੋਇਲ, ਕੌਂਸਲਰ ਨੇ ਕਿਹਾ ਕਿ ਸਰਕਾਰ ਵੱਲੋਂ ਪੋਲੀਥੀਨ ਬੈਗ ਅਤੇ ਪਾਈਪਾਂ ਨਾਲ ਘਰ, ਵਿਹੜੇ ਆਦਿ ਧੋਣ ਤੇ ਪਾਬੰਦੀ ਲਗਾਈ ਹੋਈ ਹੈ। ਪਰੰਤੂ ਨਗਰ ਨਿਗਮ ਵੱਲੋਂ ਇਸਨੂੰ ਲਾਗੂ ਕਰਨ ਸਬੰਧੀ ਅਜੇ ਤੱਕ ਕੋਈ ਠੋਸ ਕਦਮ ਨਹੀਂ ਚੁੱਕੇ ਗਏ। ਉਹਨਾਂ ਜਲਦ ਤੋਂ ਜਲਦ ਬਣਦੀ ਕਾਰਵਾਈ ਕਰਨ ਸਬੰਧੀ ਕਿਹਾ।

ਇਸਤੇ ਫੈਸਲਾ ਲਿਆ ਗਿਆ ਕਿ ਜਲਦ ਹੀ ਬਣਦੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇ।

ਸ਼੍ਰੀ ਗੁਰਸੇਵਕ ਸਿੰਘ ਮਾਨ, ਸ਼੍ਰੀ ਨਿਰਮਲ ਸਿੰਘ ਸੰਧੂ, ਸ਼੍ਰੀ ਬਲਜੀਤ ਸਿੰਘ ਰਾਜੂ ਸਰਾਂ, ਸ਼੍ਰੀ ਰਾਜਵਿੰਦਰ ਸਿੰਘ ਸਿੱਧੂ ਅਤੇ ਹੋਰ ਕਈ ਕੌਂਸਲਰਜ਼ ਤੋਂ ਇਲਾਵਾ ਕਈ ਲੇਡੀਜ਼ ਕੌਂਸਲਰਜ਼ ਨੇ ਮੰਗ ਕੀਤੀ ਕਿ ਪਿਛਲੀ ਮੀਟਿੰਗ ਵਿੱਚ ਜਿੰਨ੍ਹਾਂ ਕੌਂਸਲਰਜ਼ ਵੱਲੋਂ ਏਜੰਡੇ ਦੀਆਂ ਕਾਪੀਆਂ ਫਾੜੀਆਂ ਗਈਆਂ ਸਨ, ਉਹਨਾਂ ਤੇ ਬਣਦੀ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇ।ਇਸਤੇ ਕਮਿਸ਼ਨਰ ਸਾਹਿਬ ਨੂੰ ਹਦਾਇਤ ਕੀਤੀ ਗਈ ਕਿ ਦਫਤਰ ਵੱਲੋਂ ਜਲਦ ਤੋਂ ਜਲਦ ਬਣਦੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇ।

ਸ਼੍ਰੀਮਤੀ ਸੰਤੋਸ਼ ਕੁਮਾਰੀ ਮਹੰਤ, ਕੌਂਸਲਰ ਨੇ ਕਿਹਾ ਕਿ ਸੰਗੂਆਣਾ ਬਸਤੀ ਅਤੇ ਅਮਰਪੁਰਾ ਬਸਤੀ ਦੇ ਵਿਚਾਲੇ ਇੱਕ ਛੱਪੜ੍ਹ ਹੈ, ਜਿਸਦਾ ਤਕਰੀਬਨ 57610 ਰਕਬੇ ਦਾ ਪ੍ਰਾਪਰਟੀ ਟੈਕਸ ਕੁੱਝ ਅਫਸਰਾਂ ਦੀ ਮਿਲੀ ਭੁਗਤ ਨਾਲ ਭਰਿਆ ਗਿਆ ਹੈ। ਉਹਨਾਂ ਪੁੱਛਿਆ ਕਿ ਕਿਹੜੇ ਸਬੂਤਾਂ ਦੇ ਆਧਾਰ ਤੇ ਇਹ ਪ੍ਰਾਪਰਟੀ ਟੈਕਸ ਭਰਿਆ ਹੈ। ਇਸਦੀ ਪੂਰੀ ਜਾਣਕਾਰੀ ਦਿੱਤੀ ਜਾਵੇ ਅਤੇ ਜੋ ਛੱਪੜ੍ਹ ਸੰਗੂਆਣਾ ਬਸਤੀ ਅਤੇ ਅਮਰਪੁਰਾ ਬਸਤੀ ਦੇ ਵਿਚਾਲੇ ਹੈ, ਇਹ ਨਗਰ ਨਿਗਮ ਜਾਂ ਸ਼ਾਮਲਾਟ ਜਾਂ ਵਕਫ ਬੋਰਡ ਜਾਂ ਕਿਸੇ ਹੋਰ ਦੀ ਮਾਲਕੀ ਹੈ, ਬਾਰੇ ਪੂਰੀ ਡਿਟੇਲ ਦਿੱਤੀ ਜਾਵੇ। ਉਹਨਾਂ ਦਸਿਆ ਕਿ ਇਸ ਜਗ੍ਹਾ ਲੋਕ ਅਣਅਧਿਕਾਰਤ ਤੋਰ ਤੇ ਕਬਜ਼ੇ ਕਰ ਰਹੇ ਹਨ। ਇਹ ਨਜਾਇਜ ਹੋ ਰਹੇ ਕਬਜ਼ੇ ਰੋਕੇ ਜਾਣ ਅਤੇ ਇੱਥੇ ਲੜਕੀਆਂ ਖਾਤਰ ਇੱਕ ਸਕੂਲ ਬਣਾ ਦਿੱਤਾ ਜਾਵੇ। ਇਸ ਗੱਲ ਦੀ ਸ਼੍ਰੀ ਗੁਰਬਚਨ ਸਿੰਘ ਖੁੱਬਣ, ਸ਼੍ਰੀ ਹਰਜਿੰਦਰ ਸਿੰਘ ਟੋਨੀ ਅਤੇ ਸ਼੍ਰੀਮਤੀ ਕਰਮਜੀਤ ਕੋਰ ਗਿਆਨਾ, ਨਗਰ ਕੌਂਸਲਰਾਂ ਨੇ ਵੀ ਤਾਇਦ ਕੀਤੀ।

ਸ਼੍ਰੀ ਸਰੂਪ ਚੰਦ ਸਿੰਗਲਾ, ਮਾਨਯੋਗ ਐਮ.ਐਲ.ਏ. ਜੀ ਨੇ ਕਿਹਾ ਕਿ ਕਿਉਂ ਜੋ ਇਸ ਟੋਏ ਵਿੱਚ ਲਗਭਗ ਪਿਛਲੇ 50 ਸਾਲਾਂ ਤੋਂ ਨਗਰ ਨਿਗਮ ਵੱਲੋਂ ਬਰਸਾਤੀ, ਸੀਵਰੇਜ਼ ਅਤੇ ਨਾਲੀਆਂ ਦਾ ਗੰਦਾ ਪਾਣੀ ਪਾਇਆ ਜਾ ਰਿਹਾ ਹੈ, ਇਸ ਲਈ ਇਸਦਾ ਮਾਲਿਕਾਨਾ ਹੱਕ ਨਗਰ ਨਿਗਮ ਦਾ ਬਣਦਾ ਹੈ। ਇਸਤੋਂ ਇਲਾਵਾ ਅਜੇ ਤੱਕ ਇਸ ਜਗ੍ਹਾ ਦਾ ਮਾਲਿਕਾਨਾ ਹੱਕ ਕਿਸੇ ਵੀ ਵਿਅਕਤੀ ਜਾਂ ਸੰਸਥਾ ਵੱਲੋਂ ਪੇਸ਼ ਨਹੀਂ ਕੀਤਾ ਗਿਆ। ਇਸ ਲਈ ਬਣਦੀ ਕਾਰਵਾਈ ਕਰਨ ਉਪਰੰਤ ਇਸ ਜਗ੍ਹਾ ਉਪਰ ਕੋਈ ਲੜਕੀਆਂ ਦਾ ਸਕੂਲ, ਧਰਮਸ਼ਾਲਾ, ਬਿਰਧ ਆਸ਼ਰਮ, ਆਮ ਜਨਤਾ ਲਈ ਪਾਰਕ ਜਾਂ ਹੋਰ ਕਿਸੇ ਸਮਾਜਿਕ ਕੰਮਾਂ ਖਾਤਰ ਭਵਨ ਬਨਾਉਣ ਸਬੰਧੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇ।

ਇਸਤੇ ਮੇਅਰ ਸਾਹਿਬ ਨੇ ਹਦਾਇਤ ਕੀਤੀ ਕਿ ਇਸ ਜਗ੍ਹਾ ਤੇ ਪਾਣੀ ਅਤੇ ਗੰਦਗੀ ਨੂੰ ਸਾਫ ਕਰਕੇ ਬਣਦੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇ ਅਤੇ ਭੱਵਿਖ ਵਿੱਚ ਇਸ ਜਗ੍ਹਾ ਦਾ ਪ੍ਰਾਪਰਟੀ ਟੈਕਸ ਮਾਲਕੀ ਦੇ ਸਬੂਤ ਵੇਖ ਕੇ ਹੀ ਭਰਵਾਇਆ ਜਾਵੇ।

ਮੇਅਰ ਸਾਹਿਬ ਨੇ ਕਿਹਾ ਕਿ ਸ਼ਹਿਰ ਵਿੱਚ ਕਿਸੇ ਵੀ ਕੌਂਸਲਰ ਨਾਲ ਵਿਤਕਰਾ ਨਾ ਕਰਦੇ ਹੋਏ ਸਮੁੱਚੇ ਸ਼ਹਿਰ ਦਾ ਵਿਕਾਸ ਕੀਤਾ ਜਾ ਰਿਹਾ ਹੈ। ਉਹਨਾਂ ਕਿਹਾ ਕਿ ਪੰਜਾਬ ਸਰਕਾਰ ਦੇ ਯਤਨਾਂ ਸਦਕਾ ਜੋ 100% ਪਾਣੀ, ਸੀਵਰੇਜ਼, ਲਾਈਟਾਂ ਅਤੇ ਸੜ੍ਹਕਾਂ ਦੇਣ ਦਾ ਟੀਚਾ ਰੱਖਿਆ ਗਿਆ ਹੈ, ਉਸਨੂੰ ਜਲਦੀ ਹੀ ਪੂਰਾ ਕੀਤਾ ਜਾਵੇਗਾ। ਉਹਨਾਂ ਹਦਾਇਤ ਕੀਤੀ ਕਿ ਜਿਸ ਵੀ ਵਾਰਡ ਵਿੱਚ ਵਿਕਾਸ ਦਾ ਕੋਈ ਵੀ ਕੰਮ ਸ਼ੁਰੂ ਕੀਤਾ ਜਾਵੇ, ਉਸ ਵਾਰਡ ਦੇ ਚੁਣੇ ਹੋਏ ਕੌਂਸਲਰ ਸਾਹਿਬਾਨ ਅਤੇ ਉੱਥੋਂ ਦੇ ਸਮਾਜਸੇਵੀ ਨੁਮਾਇੰਦਿਆਂ ਨੂੰ ਜਰੂਰ ਦੱਸ ਦਿੱਤਾ ਜਾਵੇ। ਉਹਨਾਂ ਦੇ ਕਹਿਣ ਮੁਤਾਬਿਕ ਜੇਕਰ ਕੋਈ ਹੋਰ ਕੰਮ ਧਿਆਨ ਵਿੱਚ ਆਉਂਦਾ ਹੈ ਤਾਂ ਇਸ ਸਬੰਧੀ ਰਿਪੋਰਟ ਦਫਤਰ ਨੂੰ ਦਿੱਤੀ ਜਾਵੇ।

ਇਸ ਉਪਰੰਤ ਮੀਟਿੰਗ ਦੀ ਕਾਰਵਾਈ ਸ਼ੁਰੂ ਕੀਤੀ ਗਈ।

**ਏਜੰਡਾ ਨੰਬਰ: 1**

ਮੀਟਿੰਗ ਮਿਤੀ 22.01.2016ਅਤੇ ਬਜਟ ਮੀਟਿੰਗ ਮਿਤੀ 18.03.2016 ਦੀ ਕਾਰਵਾਈ ਦੀ ਪਕਿਆਈ।

**ਮਤਾ ਨੰਬਰ 1: ਕਾਰਵਾਈਆਂ ਦੀ ਪਕਿਆਈ ਕੀਤੀ ਜਾਂਦੀ ਹੈ।**

**ਏਜੰਡਾ ਨੰ: 2**

ਦਫਤਰੀ ਰਿਪੋਰਟ ਕਿ ਸ਼ਹਿਰ ਦੇ ਵੱਖ-ਵੱਖ ਹਿੱਸਿਆਂ ਵਿੱਚ ਵਿਕਾਸ ਦੇ ਕੰਮ ਕਰਾਉਣ ਲਈ ਹੇਠ ਲਿਖੇ ਅਨੁਸਾਰ ਤਖਮੀਨੇ ਤਿਆਰ ਕੀਤੇ ਗਏ ਹਨ:-

| ਲੜੀ ਨੰ: | ਵਾਰਡ ਨੰਬਰ | ਕੰਮ ਦਾ ਨਾਮ | ਤਖਮੀਨੇ ਦੀ ਰਕਮ (ਲੱਖਾਂ ਵਿੱਚ) |
|---|---|---|---|
| 1 | | ਕੰਸ: ਆਫ ਬਰਿਕ ਵਾਲ ਅਲਾਂਗ ਦੀ ਬਾਊਂਡਰੀ ਆਫ ਓਵਰਹੈਡ ਵਾਟਰ ਰਿਜ਼ਰਵਾਇਰ ਨੀਅਰ ਫਾਇਰ ਬ੍ਰਿਗੇਡ | 2.92 |
| 2 | | ਸਪਲਾਈ ਆਫ ਡਰਿੰਕਿਗ ਵਾਟਰ, ਵਾਟਰ ਟੈਂਕਰਜ਼ ਇਨ ਵੈਰੀਅਸ ਪਾਰਟਸ ਆਫ ਸਿਟੀ (ਘੱਟੋ-ਘੱਟ 4 ਟ੍ਰਿਪ ਪ੍ਰਤੀ ਦਿਨ) | 24.10 |
| 3 | | ਮਾਨਯੋਗ ਹਾਈਕੋਰਟ ਵਿਖੇ ਸੀ.ਡਬਲਿਊ.ਪੀ. 1211 ਆਫ 2006 - ਸ਼੍ਰੀ ਹਰਕਮਲ ਕੁਮਾਰ ਬਨਾਮ ਐਮ.ਸੀ. ਬਠਿੰਡਾ ਦੇ ਕੇਸ ਵਿੱਚ ਹੋਏ ਫੈਸਲੇ ਅਨੁਸਾਰ ਖੇਤਾ ਸਿੰਘ ਬਸਤੀ ਵਿਖੇ ਵਾਟਰ ਸਪਲਾਈ ਲਾਈਨਾਂ ਦੀ ਦੇਖਭਾਲ ਲਈ ਬੇਲਦਾਰ ਰੱਖਣ ਬਾਰੇ। | 1.18 |
| 4 | | ਇੰਸਟਾਲੇਸ਼ਨ ਆਫ 1 ਐਚ.ਪੀ. ਸਬਮਰਸੀਬਲ 10 ਪੰਪ ਸੈਟ (ਲੂਬੀ) ਐਟ ਡਿਫਰੈਂਟ ਪਾਰਕ ਲੋਕੇਸ਼ਨਸ | 1.91 |
| 5 | | ਕਲੋਜ਼ਿੰਗ ਆਫ ਡਰੇਨਜ਼ ਇਨ ਸਟਰੀਟ ਨੰਬਰ 1 ਟੂ 5 ਕੋਰਟ ਰੋਡ | 4.58 |
| 6 | | ਸ/ਲੇਇੰਗ ਪ੍ਰੀਮਿਕਸ ਕਾਰਪੇਟ ਇਨ ਸਟਰੀਟ ਨੰ: 2 ਮਿੰਨੀ ਸਕੱਤਰੇਤ ਰੋਡ | 2.85 |
| 7 | | ਜਨਰਲ ਰਿਪੇਅਰ ਆਫ ਜੋਨ ਨੰਬਰ 1 ਅਤੇ 2 | 49.70 |
| 8 | | ਪੇਟਿੰਗ ਐਂਡ ਰਿਪੇਅਰ ਸੈਂਟਰਲ ਵਰਜ਼ 100' ਰੋਡ ਟੀ.ਪੀ. ਸਕੀਮ 3 ਪਾਰਟ 1 ਅਤੇ 2 | 4.80 |
| 9 | | ਸਪਲਾਈ ਆਫ ਲੇਬਰ - ਰੇਲਵੇ ਬਾਊਂਡਰੀ ਦੇ ਨਾਲ ਚਲਦੇ ਗੰਦੇ ਨਾਲੇ ਦੀ ਰੈਗੂਲਰ ਸਫਾਈ ਸਬੰਧੀ - 10 ਸਫਾਈ ਸੇਵਕ 6 ਮਹੀਨਿਆਂ ਦੇ ਸਮੇਂ ਲਈ | 6.08 |
| 10 | | ਕੰਸ: ਆਫ ਵਾਲ ਐਂਡ ਸ਼ੈਡ ਇਨ ਰਾਮ ਬਾਗ ਐਟ ਜਨਤਾ ਨਗਰ | 12.42 |
| 11 | | ਸਪਲਾਈ ਆਫ 12 ਨੰਬਰ ਬੇਲਦਾਰ ਐਂਡ 2 ਨੰਬਰ ਮਿਸਤਰੀ ਸਾਲ 2016-17 ਲਈ | 18.72 |
| 12 | | ਮੈਨਟੀਨੈਂਸ ਆਫ ਜੋਗਰ ਪਾਰਕ ਸਾਲ 2016-17 (8 ਮਾਲੀ, 4 ਚੋਕੀਦਾਰ, 4 ਸਫਾਈ ਸੇਵਕ, 1 ਇਲੈਕਟ੍ਰਿਸ਼ਿਅਨ ਹੈਲਪਰ ਅਤੇ 1 ਸੁਪਰਵਾਈਜ਼ਰ ਠੇਕੇ ਤੇ ਰੱਖਣ ਬਾਰੇ) | 23.88 |
| 13 | | ਸਪਲਾਈ ਆਫ ਫਾਇਨ ਸੈਂਡ ਐਂਡ ਬਜ਼ਰੀ 11.2 ਐਮ.ਐਮ. ਫਾਰ ਐਮ.ਸੀ. ਸਟੋਰ 2016-17 | 5.23 |
| 14 | | ਸਪਲਾਈ ਆਫ 10 ਸਫਾਈ ਸੇਵਕ ਫਾਰ ਰੋਜ਼ ਗਾਰਡਨ ਸਾਲ 2016-17 | 13.19 |
| 15 | | ਜੋਗਰ ਪਾਰਕ ਦੇ ਵਾਟਰ ਟੈਂਕ ਨੰਬਰ 4 ਦੇ ਨਾਲ ਪਲਾਂਟੇਸ਼ਨ ਅਤੇ ਮੈਨਟੀਨੈਂਸ ਸਾਲ 2016-17 (10 ਮਾਲੀ, 1 ਸਫਾਈ ਸੇਵਕ ਅਤੇ 1 ਚੋਕੀਦਾਰ ਠੇਕੇ ਤੇ ਰੱਖਣ ਬਾਰੇ) | 15.82 |
| 16 | | ਸਪਲਾਈ ਆਫ 5 ਸਫਾਈ ਸੇਵਕ ਫਾਰ ਸਿਟੀ ਪਾਰਕਸ ਸਾਲ 2016-17 | 6.59 |
| 17 | | ਮੈਨਟੀਨੈਂਸ ਆਫ ਰੋਡਸਾਈਡ ਪਲਾਂਟੇਸ਼ਨ ਐਂਡ ਸੈਂਟਰਲ ਵਰਜ਼ ਸਾਲ 2016-17 ਲਈ (18 ਅਣਸਕਿਲਡ ਮਾਲੀ, 1 ਮਾਲੀ-ਕਮ-ਡਰਾਈਵਰ ਅਤੇ 1 ਮਾਲੀ-ਕਮ-ਹੈਲਪਰ ਠੇਕੇ ਤੇ ਰੱਖਣ ਬਾਰੇ) | 26.37 |
| 18 | | ਮੈਨਟੀਨੈਂਸ ਆਫ 77 ਸਿਟੀ ਪਾਰਕਸ ਸਾਲ 2016-17 ਲਈ (24 ਅਣਸਕਿਲਡ ਮਾਲੀ, 1 ਮਾਲੀ ਕਮ ਇਲੈਕਟ੍ਰਿਸ਼ਿਅਨ ਹੈਲਪਰ ਅਤੇ 1 ਸੁਪਰਵਾਈਜ਼ਰ ਠੇਕੇ ਤੇ ਰੱਖਣ ਬਾਰੇ) | 34.43 |
| 19 | | ਸ਼ਹਿਰ ਦੇ ਸਾਰੇ ਏਰੀਏ ਦੀਆਂ ਸਬ-ਡਵੀਜ਼ਨਾਂ (D/1, D/2, D/3, D/4) ਦੀਆਂ | 69.06 |

| | | | |
|---|---|---|---|
| | | ਸਟਰੀਟ ਲਾਈਟਾਂ ਦੀ ਦੇਖਭਾਲ ਲਈ ਲੇਬਰ ਸਪਲਾਈ ਕਰਨਾ | |
| 20 | | ਸਪਲਾਈ ਆਫ ਸੀਮਿੰਟ ਫਾਰ ਐਮ.ਸੀ. ਸਟੋਰ ਸਾਲ 2016-17 (ਅੰਬੂਜਾ, ਜੇ.ਕੇ. ਅਤੇ ਸ਼੍ਰੀ ਅਲਟਰਾ) | 3.70 |
| 21 | | ਡਿਵੈਲਪਮੈਂਟ ਆਫ ਗਰੀਨ ਬੈਲਟ ਅਰਜੁਨ ਨਗਰ ਗਲੀ ਨੰ: 11/8, ਵਾਰਡ ਨੰਬਰ 9 | 8.00 |
| 22 | | ਸਪਲਾਈ ਆਫ 13 ਬੇਲਦਾਰ ਫਾਰ ਡੀਜ਼ਲ ਇੰਜਣ ਵਰਕਿੰਗ ਡਿਫਰੈਂਟ ਪਲੇਸਜ਼ ਇਨ ਦ ਸਿਟੀ | 14.40 |
| 23 | | ਜਨਰਲ ਰਿਪੇਅਰ ਐਂਡ ਲੇਇੰਗ ਪੀ.ਸੀ. ਇਨ ਸਟਰੀਟਸ ਆਫ ਵਿਸ਼ਾਲ ਨਗਰ ਐਂਡ ਰਿਲੈਟਿਡ ਵਰਕਸ ਜ਼ੋਨ ਨੰਬਰ 03 | 31.31 |
| 24 | | ਨਹਿਰ ਦੇ ਨਾਲ-ਨਾਲ ਜੰਗਲਾਤ ਮਹਿਕਮੇ ਦੀ ਜਗ੍ਹਾ ਨੂੰ ਸੈਰਗਾਹ ਵੱਜੋਂ ਵਿਕਸਿਤ ਕਰਨਾ | 50.00 |
| 25 | | ਜਨਰਲ ਰਿਪੇਅਰ ਆਫ ਜ਼ੋਨ ਨੰਬਰ 06 | 45.71 |
| 26 | | ਸਪਲਾਈ ਆਫ ਕੰਕਰੀਟ ਗਾਰਡਨ ਬੈਂਚਜ਼ | 7.00 |
| 27 | | ਰਫ ਕਾਸਟ ਐਸਟੀਮੇਟ ਫਾਰ ਟੇਕਿੰਗ ਆਊਟ ਸਿਲਟ ਕਲੀਅਰੈਂਸ ਫਰਾਮ ਐਸ.ਐਂਡ ਐਸ ਟੈਂਕ ਨੰਬਰ 1, ਹੈਡ ਵਾਟਰ ਵਰਕਸ, ਭਾਗੂ ਰੋਡ, ਬਠਿੰਡਾ | 12.75 |
| 28 | | ਮਾਨਯੋਗ ਮੇਅਰ ਸਾਹਿਬ ਆਫਿਸ ਵਾਲੇ ਬਲਾਕ ਵਿੱਚ ਕਾਨਫਰੰਸ ਰੂਮ ਲਈ ਫਰਨੀਚਰ ਦੀ ਖਰੀਦ ਕਰਨ ਬਾਰੇ। | 1.68 |
| 29 | | ਸਪਲਾਈ ਐਂਡ ਫਿਕਸਿੰਗ ਆਪ ਹੈਂਡ ਪੰਪਸ ਇਨ ਡਿਫਰੈਂਟ ਪਾਰਟਸ ਆਫ ਸਿਟੀ ਵਾਰਡ ਨੰਬਰ 1 ਤੋਂ 50 | 11.60 |
| 30 | | ਪ/ਲ ਪ੍ਰੀਮਿਕਸ ਕਾਰਪੇਟ ਫਰਾਮ ਪੀ.ਐਨ.ਬੀ. ਬੈਂਕ ਟੂ ਗਰੇਨ ਮਾਰਕੀਟ ਨੀਅਰ ਹਾਜ਼ੀ ਰਤਨ ਚੌਂਕ | 6.56 |
| 31 | | ਪ/ਲ ਪ੍ਰੀਮਿਕਸ ਕਾਰਪੇਟ ਇੰਟਰਲਾਕਿੰਗ ਟਾਇਲਜ਼ ਇਨ ਗੁਰੂ ਨਾਨਕ ਪੁਰਾ ਮੇਨ ਰੋਡ ਐਂਡ ਗੁਰਦੁਆਰਾ ਸਟਰੀਟ | 9.00 |
| 32 | | ਸਪਲਾਈ ਆਫ ਹੈਂਡ ਪੰਪ ਮਟੀਰਿਅਲ ਫਾਰ ਮੈਨਟੀਨੈਂਸ | 2.10 |
| 33 | | ਪ/ਲ ਬੀ.ਐਮ. ਐਂਡ ਪੀ.ਸੀ. ਇਨ ਸਟਰੀਟ ਨੰਬਰ 4, ਗਰੀਨ ਐਵਨਿਊ | 10.63 |
| 34 | | ਪ੍ਰੋਵ: ਲੋਅਰਿੰਗ ਆਫ ਆਰ.ਸੀ.ਸੀ. ਪਾਈਪਸ ਅੰਡਰ ਬਰਨਾਲਾ ਬਾਈਪਾਸ ਰੋਡ | 8.30 |
| 35 | | ਪਰਸ ਰਾਮ ਨਗਰ ਵਿਖੇ ਰਵੀ ਦਾਸ ਧਰਮਸ਼ਾਲਾ ਦੇ ਹਾਲ ਦੀ ਤਾਮੀਰ ਕਰਨ ਖਾਤਰ | 4.50 |
| 36 | | ਪਰਸ ਰਾਮ ਨਗਰ ਵਿਖੇ ਸਾਹਿਬਜਾਦਾ ਫਤਿਹ ਸਿੰਘ ਧਰਮਸ਼ਾਲਾ ਦੇ ਹਾਲ ਦੀ ਤਾਮੀਰ | 2.00 |

ਹਾਊਸ ਦੇ ਵਿਚਾਰ ਹਿੱਤ।

**ਮਤਾ ਨੰਬਰ 2: ਪ੍ਰਵਾਨ ਹੈ।**

**ਏਜੰਡਾ ਨੰ: 3**

ਦਫਤਰੀ ਰਿਪੋਰਟ ਕਿ ਕਰਮਚਾਰੀਆਂ ਦੇ ਕੇਸਾਂ ਨਾਲ ਸਬੰਧਤ ਹਾਊਸ ਦੇ ਮਤਾ ਨੰਬਰ 38 ਮਿਤੀ 21.08.2015 ਰਾਹੀਂ ਬਣਾਈ ਗਈ ਸਬ-ਕਮੇਟੀ ਦੀ ਮੀਟਿੰਗ ਮਿਤੀ 26.02.2016 ਅਤੇ ਮਿਤੀ 19.05.2016 ਨੂੰ ਬਾਅਦ ਦੁਪਹਿਰ 4.00 ਵਜੇ ਵਿੱਚ ਵਿਚਾਰ ਕਰਨ ਉਪਰੰਤ ਕੀਤੀ ਸਿਫਾਰਸ਼ ਤੇ ਵਿਚਾਰ:-

| ਲੜੀ ਨੰ: | ਵਿਸ਼ਾ |
|---|---|
| 1 | ਸ਼੍ਰੀ ਮੋਹਨ ਲਾਲ ਪੁੱਤਰ ਸ਼੍ਰੀ ਉਦਮੀ ਰਾਮ, ਜਿਸਦੀ ਮੋਤ ਮਿਤੀ 07.07.2015 ਨੂੰ ਹੋ ਗਈ ਸੀ ਦੀ ਥਾਂ ਤੇ ਤਰਸ ਦੇ ਆਧਾਰ ਤੇ ਉਸਦੇ ਪੁੱਤਰ ਸ਼੍ਰੀ ਜੈ ਦੇਵ ਨੂੰ ਨੋਕਰੀ ਤੇ ਰੱਖਣ ਬਾਰੇ |
| 2 | ਸ਼੍ਰੀ ਦੀਪਕ ਨੂੰ ਉਸਦੇ ਪਿਤਾ ਸ਼੍ਰੀ ਕਿਸ਼ਨ ਪੁੱਤਰ ਸ਼੍ਰੀ ਚੰਦੂ ਸਫਾਈ ਸੇਵਕ ਦੀ ਮੋਤ ਕਾਰਨ ਖਾਲੀ ਹੋਈ ਆਸਾਮੀ ਤੇ ਤਰਸ ਦੇ ਆਧਾਰ ਤੇ ਨਿਯੁੱਕਤ ਕਰਨ ਬਾਰੇ। |
| 3 | ਸ਼੍ਰੀ ਸੋਨੂੰ ਨੂੰ ਉਸਦੇ ਪਿਤਾ ਸ਼੍ਰੀ ਰਘਵੀਰ ਪੁੱਤਰ ਸ਼੍ਰੀ ਸੁਗਨ ਰਾਮ ਬੇਲਦਾਰ ਦੀ ਮੋਤ ਕਾਰਨ ਖਾਲੀ ਹੋਈ ਆਸਾਮੀ ਤੇ ਤਰਸ ਦੇ ਆਧਾਰ ਤੇ ਸਫਾਈ ਸੇਵਕ ਨਿਯੁੱਕਤ ਕਰਨ ਬਾਰੇ। |
| 4 | ਸ਼੍ਰੀ ਬੰਟੂ ਕੁਮਾਰ ਨੂੰ ਉਸਦੇ ਪਿਤਾ ਸ਼੍ਰੀ ਨਿਹਾਲ ਚੰਦ ਪੁੱਤਰ ਸ਼੍ਰੀ ਢਾਲੂ ਰਾਮ ਬੇਲਦਾਰ ਦੀ ਮੋਤ ਕਾਰਨ ਖਾਲੀ ਹੋਈ ਆਸਾਮੀ ਤੇ ਤਰਸ ਦੇ ਆਧਾਰ ਤੇ ਬੇਲਦਾਰ ਨਿਯੁੱਕਤ ਕਰਨ ਬਾਰੇ। |
| 5 | ਸ਼੍ਰੀ ਰਾਹੁਲ ਨੂੰ ਉਸਦੇ ਪਿਤਾ ਸ਼੍ਰੀ ਸੁਰੇਸ਼ ਕੁਮਾਰ ਪੁੱਤਰ ਸ਼੍ਰੀ ਦੇਵੀ ਦਿਆਲ, ਸੀਵਰਮੈਨ ਦੀ ਮੋਤ ਹੋਣ ਕਾਰਨ ਖਾਲੀ ਹੋਈ ਆਸਾਮੀ ਤੇ ਤਰਸ ਦੇ ਆਧਾਰ ਤੇ ਸੀਵਰਮੈਨ ਨਿਯੁਕਤ ਕਰਨ ਬਾਰੇ। |
| 6 | ਸ਼੍ਰੀ ਸੋਨੂੰ ਨੂੰ ਉਸਦੇ ਪਿਤਾ ਸ਼੍ਰੀ ਖਿਆਲੀ ਰਾਮ ਪੁੱਤਰ ਸ਼੍ਰੀ ਕਾਲੂ ਰਾਮ ਸੀਵਰਮੈਨ ਦੀ ਮੋਤ ਕਾਰਨ ਖਾਲੀ ਹੋਈ ਆਸਾਮੀ ਤੇ ਤਰਸ ਦੇ ਆਧਾਰ ਤੇ ਸੀਵਰਮੈਨ ਨਿਯੁੱਕਤ ਕਰਨ ਬਾਰੇ। |
| 7 | ਰਿਪੋਰਟ ਲੇਖਾ ਸ਼ਾਖਾ ਕਿ ਇਸ ਸਮੇਂ ਪੈਸਕੋ ਰਾਹੀਂ 10 ਕੰਪਿਊਟਰ ਆਪਰੇਟਰ ਅਤੇ ਦੂਜੇ ਠੇਕੇਦਾਰ ਰਾਹੀਂ 6 ਕੰਪਿਊਟਰ ਆਪਰੇਟਰ ਨਗਰ ਨਿਗਮ ਆਫਿਸ ਦੀਆਂ ਵੱਖ-ਵੱਖ ਬਰਾਂਚਾਂ ਵਿੱਚ ਕੰਮ ਕਰ ਰਹੇ ਹਨ। ਇਹਨਾਂ ਵਿੱਚੋਂ 7 ਕੰਪਿਊਟਰ ਆਪਰੇਟਰ ਪ੍ਰਾਪਰਟੀ ਟੈਕਸ ਸ਼ਾਖਾ ਵਿੱਚ, 2 ਮੇਅਰ ਆਫਿਸ, 2 ਬਰਥ ਐਂਡ ਡੈਥ ਸ਼ਾਖਾ, 1 ਸ਼ਿਕਾਇਤ ਸੈਲ, 1 ਪੀ.ਏ. ਆਫਿਸ, 1 ਵਰਕਸ ਸ਼ਾਖਾ, 1 |

| | |
|---|---|
| | ਓ.ਐਂਡ ਐਮ. ਸ਼ਾਖਾ ਅਤੇ 1 ਸਿਹਤ ਸ਼ਾਖਾ ਵਿੱਚ ਕੰਮ ਕਰ ਰਿਹਾ ਹੈ।<br>ਹੁਣ ਬਿਲਡਿੰਗ ਸ਼ਾਖਾ ਵੱਲੋਂ 2 ਅਤੇ ਸਿਹਤ ਸ਼ਾਖਾ ਵੱਲੋਂ 3 ਕੰਪਿਊਟਰ ਆਪਰੇਟਰਾਂ ਦੀ ਮੰਗ ਕੀਤੀ ਗਈ ਹੈ, 1 ਕੰਪਿਊਟਰ ਆਪਰੇਟਰ ਤੇ 15000/- ਰੁਪਏ ਪ੍ਰਤੀ ਮਹੀਨਾ ਖਰਚਾ ਆਉਂਦਾ ਹੈ। ਇਸ ਤਰ੍ਹਾਂ 5 ਕੰਪਿਊਟਰ ਆਪਰੇਟਰਾਂ ਤੇ ਇੱਕ ਮਹੀਨੇ ਵਿੱਚ 75000/- ਰੁਪਏ ਅਤੇ ਇੱਕ ਸਾਲ ਵਿੱਚ 900000/- ਰੁਪਏ ਖਰਚ ਆਵੇਗਾ। ਮੌਜੂਦਾ ਕੰਪਿਊਟਰ ਆਪਰੇਟਰਾਂ ਦਾ ਖਰਚਾ 28.80 ਲੱਖ ਰੁਪਏ ਪ੍ਰਤੀ ਸਾਲ ਹੈ। ਰਿਪੋਰਟ ਹਾਊਸ ਦੇ ਵਿਚਾਰ ਹਿੱਤ। |
| 8 | ਰਿਪੋਰਟ ਲੇਖਾ ਸ਼ਾਖਾ ਕਿ ਨਗਰ ਨਿਗਮ ਬਠਿੰਡਾ ਵੱਲੋਂ ਮਤਾ ਨੰਬਰ 355 ਮਿਤੀ 08.10.2012 ਪਾਸ ਕੀਤਾ ਗਿਆ ਸੀ ਕਿ ਨਗਰ ਨਿਗਮ ਬਠਿੰਡਾ ਵਿਖੇ 12 ਲੀਡਿੰਗ ਫਾਇਰਮੈਨਾਂ ਦੀਆਂ ਆਸਾਮੀਆਂ ਦੀ ਰਚਨਾ ਕੀਤੀ ਜਾਵੇ। ਇਸ ਅਨੁਸਾਰ ਡਾਇਰੈਕਟਰ, ਸਥਾਨਕ ਸਰਕਾਰ ਜੀ ਨੂੰ ਪੱਤਰ ਲਿਖਿਆ ਗਿਆ ਸੀ। ਇਸਤੋਂ ਡਾਇਰੈਕਟਰ, ਸਥਾਨਕ ਸਰਕਾਰ ਜੀ ਵੱਲੋਂ ਆਪਣੇ ਪੱਤਰ ਮਿਤੀ 22.09.2014 ਰਾਹੀਂ 6 ਲੀਡਿੰਗ ਫਾਇਰਮੈਨਾਂ ਦੀ ਰਚਨਾ ਕੀਤੀ ਸੀ। ਇਸ ਅਨੁਸਾਰ 6 ਲੀਡਿੰਗ ਫਾਇਰਮੈਨਾਂ ਨੂੰ ਪਦ-ਉਨੱਤ ਕੀਤਾ ਗਿਆ ਸੀ। ਹੁਣ ਬਾਕੀ ਲੀਡਿੰਗ ਫਾਇਰਮੈਨਾਂ ਦੀ ਬੇਨਤੀ ਤੇ ਨਗਰ ਨਿਗਮ ਵੱਲੋਂ ਪੱਤਰ ਨੰਬਰ 4169 ਮਿਤੀ 01.12.2015 ਰਾਹੀਂ 6 ਹੋਰ ਆਸਾਮੀਆਂ ਦੀ ਰਚਨਾ ਕਰਨ ਲਈ ਬੇਨਤੀ ਕੀਤੀ ਗਈ ਸੀ। ਇਸਤੇ ਸਰਕਾਰ ਵੱਲੋਂ ਆਪਣੇ ਪੱਤਰ ਨੰਬਰ 5ਡਸਸਸ-ਟਸਸ-2015/55152 ਮਿਤੀ 30.12.2015 ਰਾਹੀਂ ਲਿਖਿਆ ਹੈ ਕਿ ਨਗਰ ਨਿਗਮ ਬਠਿੰਡਾ ਵਿਖੇ ਲੀਡਿੰਗ ਫਾਇਰਮੈਨਾਂ ਦੀਆਂ ਆਸਾਮੀਆਂ ਦੀ ਰਚਨਾ ਕਰਨ ਸਬੰਧੀ ਹਾਊਸ ਨਗਰ ਨਿਗਮ ਤੋਂ ਨਵਾਂ ਮਤਾ ਪਾਸ ਕਰਵਾ ਕੇ ਤਜਵੀਜ ਭੇਜੀ ਜਾਵੇ। ਇਸ ਸਬੰਧੀ ਰਿਪੋਰਟ ਹੈ ਕਿ ਨਗਰ ਨਿਗਮ ਫਾਇਰ ਬ੍ਰਿਗੇਡ ਵਿਖੇ 6 ਫਾਇਰ ਯੂਨਿਟ, ਇੱਕ ਫਾਇਰ ਜੀਪ ਅਤੇ ਇੱਕ ਐਬੂਲੈਂਸ ਹੈ। ਬਠਿੰਡਾ ਸ਼ਹਿਰ ਕਾਟਨ ਬੈਲਟ ਵਿਖੇ ਸਥਿਤ ਹੈ। ਬਠਿੰਡਾ ਸ਼ਹਿਰ ਵਿੱਚ ਅਤੇ ਆਸਪਾਸ 4 ਥਰਮਲ ਪਲਾਂਟ, ਇੱਕ ਖਾਦ ਫੈਕਟਰੀ, ਇੱਕ ਰਿਫਾਇਨਰੀ ਅਤੇ ਤੇਲ ਡਿਪੂ ਦੇ ਨਾਲ ਹੋਰ ਬਹੁਤ ਇੰਡਸਟਰੀ ਹੈ। ਇਸ ਲਈ ਇੱਥੇ ਫਾਇਰ ਸਟਾਫ ਦੀ ਬਹੁਤ ਲੋੜ ਹੈ। ਇਸ ਅਨੁਸਾਰ 6 ਹੋਰ ਲੀਡਿੰਗ ਫਾਇਰਮੈਨ ਆਸਾਮੀਆਂ ਦੀ ਰਚਨਾ ਕਰਨ ਲਈ ਕੇਸ ਹਾਊਸ ਦੇ ਵਿਚਾਰ ਹਿੱਤ। |
| 9 | ਰਿਪੋਰਟ ਫਾਇਰ ਬ੍ਰਿਗੇਡ ਸ਼ਾਖਾ ਕਿ The Punjab Safety Measures for Prevention and control of Fire Ordinance 2012 ਦੇ ਲਾਗੂ ਹੋਣ ਕਰਕੇ ਫਾਇਰ ਸਰਵਿਸ ਇੱਕ ਜਰੂਰੀ ਸੇਵਾ ਬਣ ਗਈ ਹੈ। ਲੋਕਾਂ ਦੀ ਜਾਨ ਮਾਲ ਦੀ ਰੱਖਿਆ ਕਰਨਾ ਇਸਦੀ ਮੁੱਢਲੀ ਜਿੰਮੇਵਾਰੀ ਹੈ। ਮਾਨਯੋਗ ਡਾਇਰੈਕਟਰ ਸਥਾਨਕ ਸਰਕਾਰ ਵਿਭਾਗ ਪੰਜਾਬ ਚੰਡੀਗੜ੍ਹ ਜੀ ਦੇ ਯਾਦ ਪੱਤਰ ਨੰ: ਸ1-ਡਸਸ-ਟਸਸ-2014/8220-8260 ਮਿਤੀ 21.02.2014 ਦੇ ਅਨੁਸਾਰ ਨਿਰਧਾਰਤ ਫਾਰਮਜ਼ ਅਨੁਸਾਰ ਫਾਇਰਮੈਨ ਅਤੇ ਫਾਇਰ ਡਰਾਈਵਰ ਦੀ ਕੰਟਰੈਕਟ ਬੇਸਿਸ ਤੇ ਭਰਤੀ ਸਬੰਧੀ ਯੋਗ ਵਿਧੀ ਅਪਨਾਉਂਦੇ ਹੋਏ ਮਤਾ ਪ੍ਰਵਾਨ ਕਰਵਾਉਣ ਉਪਰੰਤ ਤਜਵੀਜ ਭੇਜਣ ਲਈ ਲਿਖਿਆ ਹੈ। ਫਾਇਰ ਬ੍ਰਿਗੇਡ ਬਠਿੰਡਾ ਵਿਖੇ ਇਸ ਸਮੇਂ 5 ਫਾਇਰ ਟੈਂਡਰ, ਇੱਕ ਐਂਬੂਲੈਂਸ ਵੈਨ, ਇੱਕ ਫਾਇਰ ਜੀਪ, ਇੱਕ ਰਿਸਪੋਸ ਵਹੀਕਲ, ਇੱਕ ਮੋਟਰਸਾਈਕਲ ਮੌਜੂਦ ਹੈ। ਸਾਰੇ ਵਹੀਕਲ ਚਾਲੂ ਹਾਲਤ ਵਿੱਚ ਹਨ। ਫਾਇਰ ਬ੍ਰਿਗੇਡ ਬਠਿੰਡਾ ਵਿਖੇ ਇਸ ਸਮੇਂ 7 ਲੀਡਿੰਗ ਫਾਇਰਮੈਨ, ਇੱਕ ਡਰਾਈਵਰ, ਚਾਰ ਫਾਇਰਮੈਨ ਰੈਗੂਲਰ, ਪੰਜ ਡਰਾਈਵਰ ਅਤੇ ਸੱਤ ਫਾਇਰਮੈਨ ਕੰਟਰੈਕਟ ਬੇਸਿਸ ਤੇ ਕੰਮ ਕਰ ਰਹੇ ਹਨ। ਫਾਇਰ ਸਟੈਂਡਿੰਗ ਆਰਡਰ ਦੀ ਮੱਦ ਅਨੁਸਾਰ ਇੱਕ ਟੈਂਡਰ ਮਗਰ ਇੱਕ ਲੀਡਿੰਗ ਫਾਇਰਮੈਨ, ਇੱਕ ਡਰਾਈਵਰ ਅਤੇ ਚਾਰ ਫਾਇਰਮੈਨ ਇੱਕ ਸ਼ਿਫਟ ਵਿੱਚ ਹੋਣੇ ਚਾਹੀਦੇ ਹਨ।<br>ਬਠਿੰਡਾ ਸ਼ਹਿਰ ਵਿਖੇ ਵੀ.ਵੀ.ਆਈ.ਪੀ. ਬਹੁਤ ਆਉਣ ਕਰਕੇ ਉਹਨਾਂ ਨਾਲ ਵੀ ਫਾਇਰ ਟੈਂਡਰ ਭੇਜਣਾ ਪੈਂਦਾ ਹੈ। ਬਠਿੰਡਾ ਸ਼ਹਿਰ ਦਾ ਏਰੀਆ ਅਤੇ ਆਬਾਦੀ ਕਾਫੀ ਵੱਧ ਗਈ ਹੈ। ਬਠਿੰਡਾ ਸ਼ਹਿਰ ਵਿੱਚ ਵੱਡੇ-ਵੱਡੇ ਮਾਲ, ਨਵੀਆਂ ਕਲੋਨੀਆਂ, ਪੁਰਾਣਾ ਅਤੇ ਨਵਾਂ ਫੋਕਲ ਪੁਆਇੰਟ, ਗਰੋਥ ਸੈਂਟਰ, ਐਲ.ਪੀ.ਜੀ ਬੋਟਲਿੰਗ ਪਲਾਂਟ, ਰਿਫਾਇਨਰੀ, ਆਇਲ ਡਿਪੂ, ਸਪੀਨਿੰਗ ਮਿੱਲ, ਕੈਮੀਕਲ ਪਲਾਂਟ, ਕਾਟਨ ਫੈਕਟਰੀਆਂ, ਦਾਣਾ ਮੰਡੀ, ਸਬਜੀ ਮੰਡੀ, ਵੇਅਰ ਹਾਊਸ ਆਦਿ ਹਨ। ਫਾਇਰ ਬ੍ਰਿਗੇਡ ਬਠਿੰਡਾ ਨੂੰ ਬਠਿੰਡਾ ਸ਼ਹਿਰ ਤੋਂ ਇਲਾਵਾ ਸੰਗਤ ਮੰਡੀ, ਰਾਮਾਂ ਮੰਡੀ, ਤਲਵੰਡੀ ਸਾਬੋ, ਕੋਟ ਫੱਤਾ, ਨਥਾਣਾ, ਭੁੱਚੋ, ਗੋਨਿਆਣਾ ਮੰਡੀ ਆਦਿ ਸ਼ਹਿਰਾਂ ਵਿਖੇ ਅੱਗ ਬੁਝਾਉਣ ਲਈ ਵੀ ਜਾਣਾ ਪੈਂਦਾ ਹੈ। ਮੌਜੂਦਾ ਸਟਾਫ ਬਹੁਤ ਘੱਟ ਹੈ।<br>ਮਾਨਯੋਗ ਡਾਇਰੈਕਟਰ, ਸਥਾਨਕ ਸਰਕਾਰ ਪੰਜਾਬ ਚੰਡੀਗੜ੍ਹ ਜੀ ਦੇ ਯਾਦ ਪੱਤਰ ਨੰ: 2ਡਸਸ-ਟਸਸ-15/52299-302 ਮਿਤੀ 09.12.15 ਅਨੁਸਾਰ ਫਾਇਰ ਬ੍ਰਿਗੇਡ ਬਠਿੰਡਾ ਦੀ ਇੰਸਪੈਕਸ਼ਨ ਰਿਪੋਰਟ ਅਨੁਸਾਰ ਫਾਇਰ ਸਟਾਫ ਦੀ ਬਹੁਤ ਘਾਟ ਹੋਣ ਕਰਕੇ ਸਰਕਾਰ ਦੁਬਾਰਾ ਲਏ ਗਏ ਫੈਸਲੇ ਅਨੁਸਾਰ ਫਾਇਰ ਸਟਾਫ ਦੀ ਕਮੀ ਨੂੰ ਪੂਰਾ ਕਰਨ ਲਈ ਰੂਲਾਂ/ ਹਦਾਇਤਾਂ ਅਨੁਸਾਰ ਤੁਰੰਤ ਕਾਰਵਾਈ ਕਰਨ ਲਈ ਲਿਖਿਆ ਹੈ। ਫਾਇਰ ਬ੍ਰਿਗੇਡ ਦੇ ਕੰਮਾਂ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ 12 ਫਾਇਰ ਡਰਾਈਵਰ ਅਤੇ 36 ਫਾਇਰਮੈਨ ਹੋਰ ਪੈਸਕੋ ਤੋਂ ਰੱਖਣ ਲਈ ਅਤੇ ਆਉਣ ਵਾਲੇ ਖਰਚੇ ਦੀ ਪ੍ਰਵਾਨਗੀ ਨਗਰ ਨਿਗਮ ਖੁੱਦ ਸਹਿਣ ਕਰ ਸਕਦੀ ਹੈ। ਇਸ ਲਈ 12 ਫਾਇਰ ਡਰਾਈਵਰ ਅਤੇ 36 ਫਾਇਰਮੈਨ ਹੋਰ (ਪੈਸਕੋ ਕੰਪਨੀ) ਤੋਂ ਰੱਖਣ ਲਈ ਨਗਰ ਨਿਗਮ |

| | |
|---|---|
| | ਹਾਊਸ਼ ਤੋਂ ਪ੍ਰਵਾਨਗੀ ਲਈ ਪੇਸ਼ ਹੈ ਜੀ ਤਾਂ ਜੋ ਇਹਨਾਂ ਆਸਾਮੀਆਂ ਨੂੰ ਭਰਨ ਲਈ ਸਰਕਾਰ ਪਾਸੋਂ ਮੰਨਜ਼ੂਰੀ ਹਾਸਲ ਕੀਤੀ ਜਾ ਸਕੇ, ਤਾਂ ਕਿ ਫਾਇਰ ਬ੍ਰਿਗੇਡ ਦੇ ਕੰਮ ਨੂੰ ਸੁਚਾਰੂ ਢੰਗ ਨਾਲ ਚਲਾਇਆ ਜਾ ਸਕੇ। ਇਸ ਸਬੰਧੀ ਡਿਪਟੀ ਕੰਟਰੋਲਰ (ਵਿੱਤ ਤੇ ਲੇਖਾ) ਨਗਰ ਨਿਗਮ ਬਠਿੰਡਾ ਨੇ ਰਿਪੋਰਟ ਕੀਤੀ ਹੈ ਕਿ ਨਗਰ ਨਿਗਮ ਵੱਲੋਂ 12 ਫਾਇਰ ਡਰਾਈਵਰ ਅਤੇ 36 ਫਾਇਰਮੈਨ ਠੇਕੇ ਤੇ ਆਧਾਰ ਤੇ ਭਰਤੀ ਕਰਨ ਲਈ ਮਤਾ ਪਾਸ ਕੀਤਾ ਗਿਆ ਸੀ। ਇਸ ਅਨੁਸਾਰ ਪ੍ਰਕੀਰਿਆ ਵੀ ਆਰੰਭੀ ਗਈ ਸੀ, ਪਰੰਤੂ 5 ਫਾਇਰ ਡਰਾਈਵਰ ਅਤੇ 7 ਫਾਇਰਮੈਨਾਂ ਵੱਲੋਂ ਮਾਨਯੋਗ ਹਾਈਕੋਰਟ ਵਿਖੇ ਸਿਵਲ ਰਿਟ ਪਟੀਸ਼ਨ ਨੰਬਰ 6648, 2389 ਅਤੇ 1476 ਆਫ 2013 ਦਾਇਰ ਕਰਕੇ ਭਰਤੀ ਤੇ ਸਟੇਅ ਲੈ ਲਈ ਸੀ। ਹੁਣ ਉਕਤ ਰਿਟ ਪਟੀਸ਼ਨਾਂ ਖਾਰਜ਼ ਹੋ ਚੁੱਕੀਆਂ ਹਨ। ਇਸ ਲਈ ਨਵੀਂ ਭਰਤੀ ਕੀਤੀ ਜਾ ਸਕਦੀ ਹੈ। ਫਾਇਰ ਅਫਸਰ ਦੀ ਰਿਪੋਰਟ ਅਨੁਸਾਰ ਮੌਜੂਦਾ ਕੰਮ ਕਰ ਰਹੇ ਕੰਟਰੈਕਟ ਸਟਾਫ ਦਾ ਠੇਕਾ ਰਿਨਿਊ ਕਰਦੇ ਹੋਏ 7 ਫਾਇਰ ਡਰਾਈਵਰ ਅਤੇ 29 ਫਾਇਰਮੈਨ ਹੋਰ ਪੈਸਕੋ ਤੋਂ ਲੈਣ ਲਈ ਕੇਸ ਸਬ-ਕਮੇਟੀ ਦੇ ਵਿਚਾਰ ਹਿੱਤ। |
| 10 | ਸ਼੍ਰੀ ਰਾਜੂ ਨੂੰ ਉਸਦੀ ਮਾਤਾ ਸ਼੍ਰੀਮਤੀ ਬ੍ਰਿਜਵਤੀ ਪਤਨੀ ਸ਼੍ਰੀ ਰਾਮ ਪਾਲ ਦੀ ਮੌਤ ਹੋਣ ਕਾਰਨ ਖਾਲੀ ਹੋਈ ਆਸਾਮੀ ਤੇ ਤਰਸ ਦੇ ਆਧਾਰ ਤੇ ਸਫਾਈ ਸੇਵਕ ਦੀ ਨੌਕਰੀ ਦੇਣ ਬਾਰੇ। |
| 11 | ਸ਼੍ਰੀ ਰਵੀ ਕੁਮਾਰ ਪੁੱਤਰ ਸ਼੍ਰੀ ਰਾਮ ਕੁਮਾਰ, ਸੈਨਟਰੀ ਸੁਪਰਵਾਈਜ਼ਰ ਦਾ ਪਰਖਕਾਲ ਸਮਾਂ ਤਸੱਲੀਬਖਸ਼ ਘੋਸ਼ਿਤ ਕਰਨ ਬਾਰੇ। |
| 12 | ਸ਼੍ਰੀ ਸੁਰੇਸ਼ ਕੁਮਾਰ ਨੂੰ ਉਸਦੇ ਪਿਤਾ ਸ਼੍ਰੀ ਫੂਲ ਚੰਦ ਪੁੱਤਰ ਸ਼੍ਰੀ ਮਦਰੂ, ਸਫਾਈ ਸੇਵਕ ਦੀ ਮੌਤ ਕਾਰਨ ਖਾਲੀ ਹੋਈ ਆਸਾਮੀ ਤੇ ਤਰਸ ਦੇ ਆਧਾਰ ਤੇ ਨਿਯੁੱਕਤ ਕਰਨ ਬਾਰੇ। |
| 13 | ਸ਼੍ਰੀ ਅਨਿਲ ਕੁਮਾਰ ਨੂੰ ਉਸਦੇ ਪਿਤਾ ਸ਼੍ਰੀ ਅਸ਼ੋਕ ਕੁਮਾਰ ਪੁੱਤਰ ਸ਼੍ਰੀ ਬਲਬੀਰ, ਸਫਾਈ ਸੇਵਕ ਦੀ ਮੌਤ ਕਾਰਨ ਖਾਲੀ ਹੋਈ ਆਸਾਮੀ ਤੇ ਤਰਸ ਦੇ ਆਧਾਰ ਤੇ ਸੇਵਾਦਾਰ ਨਿਯੁੱਕਤ ਕਰਨ ਬਾਰੇ। |
| 14 | ਸ਼੍ਰੀ ਅਮਨਦੀਪ ਸਿੰਘ ਨੂੰ ਉਸਦੇ ਪਿਤਾ ਸ਼੍ਰੀ ਹਰਪਾਲ ਸਿੰਘ ਪੁੱਤਰ ਸ਼੍ਰੀ ਜਗਦੀਸ਼ ਸਿੰਘ ਨੂੰ ਤਰਸ ਦੇ ਆਧਾਰ ਤੇ ਫਾਇਰਮੈਨ ਨਿਯੁਕਤ ਕਰਨ ਬਾਰੇ। |
| 15 | ਸ਼੍ਰੀ ਸਤੀਸ਼ ਕੁਮਾਰ ਨੂੰ ਉਸਦੇ ਪਿਤਾ ਸ਼੍ਰੀ ਮੰਮੂ ਰਾਮ ਪੁੱਤਰ ਸ਼੍ਰੀ ਸ਼ੰਨੂ ਰਾਮ, ਸੀਵਰਮੈਨ ਦੀ ਮੌਤ ਕਾਰਨ ਖਾਲੀ ਹੋਈ ਆਸਾਮੀ ਤੇ ਸੀਵਰਮੈਨ ਦੀ ਨਿਯੁਕਤੀ ਬਾਰੇ। |

ਕੇਸ ਹਾਊਸ ਦੇ ਵਿਚਾਰ ਹਿੱਤ।

**ਮਤਾ ਨੰਬਰ 3: ਪ੍ਰਵਾਨ ਹੈ।**

**ਇਸ ਸਮੇਂ ਸ਼੍ਰੀ ਬਲਜੀਤ ਸਿੰਘ ਬੀੜ ਬਹਿਮਣ, ਕੌਂਸਲਰ ਹਾਊਸ ਵਿੱਚੋਂ ਚਲੇ ਗਏ।**

**ਏਜੰਡਾ ਨੰ: 4**

ਰਿਪੋਰਟ ਓ.ਐਂਡ ਐਮ. ਸ਼ਾਖਾ ਕਿ ਸਲਾਨਾ ਦੇਖਭਾਲ ਜਲ ਸਪਲਾਈ ਅਤੇ ਜਲ ਨਿਕਾਸ ਸਕੀਮ ਇੰਨ ਅਰਬਨ ਅਸਟੇਟ, ਫੇਜ਼-1 ਅਤੇ ਫੇਜ਼-2 ਬਠਿੰਡਾ ਬਾਬਤ ਸਾਲ 2015-16 - ਤਖਮੀਨਾ ਰਕਮ 70.87 ਲੱਖ ਰੁਪਏ ਅਧੀਨ ਫੇਜ਼-1 ਅਤੇ ਫੇਜ਼-2, ਅਰਬਨ ਅਸਟੇਟ, ਸਿਵਲ ਲਾਈਨ, ਗੁਰੂ ਕੀ ਨਗਰੀ, ਭਾਗੂ ਰੋਡ, ਸ਼ਾਂਤ ਨਗਰ, ਧੋਬੀਆਣਾ ਬਸਤੀ ਆਦਿ ਏਰੀਆ ਵਿੱਚ ਵਾਟਰ ਸਪਲਾਈ ਦੇਖ-ਰੇਖ ਅਤੇ ਮੈਨਟੀਨੈਂਸ ਦਾ ਕੰਮ ਨਗਰ ਨਿਗਮ ਦੀ ਤਰਫੋਂ ਕਾਰਜਕਾਰੀ ਇੰਜੀਨੀਅਰ, ਜਲ ਸਪਲਾਈ ਅਤੇ ਸੈਨੀਟੇਸ਼ਨ, ਮੰਡਲ ਨੰਬਰ 3, ਬਠਿੰਡਾ ਵੱਲੋਂ ਕੀਤਾ ਜਾਂਦਾ ਹੈ। ਇਹਨਾਂ ਏਰੀਆ ਨੂੰ ਭਾਗੂ ਰੋਡ ਵਾਟਰ ਵਰਕਸ ਤੋਂ ਪਾਣੀ ਦੀ ਸਪਲਾਈ ਕੀਤੀ ਜਾਂਦੀ ਹੈ। ਇਸ ਵਾਟਰ ਵਰਕਸ ਅਤੇ ਲਾਈਨਾਂ ਦੀ ਸਾਲ 2015-16ਦੀ ਸਾਂਭ-ਸੰਭਾਲ ਦਾ ਤਖਮੀਨਾ 70.87 ਲੱਖ ਰੁਪਏ ਦਾ ਪ੍ਰਾਪਤ ਹੋਇਆ ਹੈ, ਜਿਸ ਵਿੱਚ 30.00 ਲੱਖ ਰੁਪਏ ਦੀ ਅਦਾਇਗੀ ਮਾਨਯੋਗ ਮੇਅਰ ਸਾਹਿਬ ਜੀ ਦੀ ਪ੍ਰਵਾਨਗੀ ਨਾਲ ਕੀਤੀ ਜਾ ਚੁੱਕੀ ਹੈ। ਤਖਮੀਨਾ ਪ੍ਰਸ਼ਾਸਕੀ ਪ੍ਰਵਾਨਗੀ ਲਈ ਹਾਊਸ ਦੇ ਵਿਚਾਰ ਹਿੱਤ।

**ਮਤਾ ਨੰਬਰ 4: ਪ੍ਰਵਾਨ ਹੈ।**

**ਏਜੰਡਾ ਨੰ: 5**

ਰਿਪੋਰਟ ਹਾਊਸ ਟੈਕਸ ਸ਼ਾਖਾ ਕਿ ਪ੍ਰਾਪਰਟੀ ਨੰਬਰ 4909 ਦੇ ਬਕਾਇਆ ਹਾਊਸ ਟੈਕਸ ਸਾਲ 1979-80 ਤੋਂ 1984-85 ਮੁਬਲਿਗ 8094/50 ਰੁਪਏ ਦੀ ਵਸੂਲੀ ਲਈ ਨੋਟਿਸ ਅਧੀਨ ਧਾਰਾ 81 ਆਫ ਪੰਜਾਬ ਮਿਉਂਸਪਲ ਐਕਟ 1911 ਤਹਿਸੀਲਦਾਰ-ਕਮ-ਅਸਿਸਟੈਂਟ ਕੂਲੈਕਟਰ ਦਰਜ਼ਾ-II ਬਠਿੰਡਾ ਵੱਲੋਂ ਜਾਰੀ ਕੀਤਾ ਗਿਆ ਸੀ। ਇਸ ਨੋਟਿਸ ਵਿਰੁੱਧ ਅਸੈਸੀਜ਼ ਵੱਲੋਂ ਮਾਨਯੋਗ ਸ਼੍ਰੀ ਪੀ.ਕੇ. ਗੋਇਲ, ਪੀ.ਸੀ.ਐਸ. ਜੱਜ ਫਸਟ ਕਲਾਸ ਦੀ ਅਦਾਲਤ ਵਿੱਚ ਸਿਵਲ ਸੂਟ ਦਾਇਰ ਕਰ ਦਿੱਤਾ ਗਿਆ ਸੀ, ਜਿਸਦਾ ਫੈਸਲਾ ਮਿਤੀ 28.02.1987 ਨੂੰ ਪਾਰਟਲੀ ਡਿਕਰੀ ਕਰਦੇ ਹੋਏ ਮਾਨਯੋਗ ਅਦਾਲਤ ਨੇ 1979-80 ਤੋਂ 1981-82 ਤੱਕ ਦੀ ਬਣਦੀ ਡਿਮਾਂਡ ਕਮੇਟੀ ਵੱਲੋਂ ਵਸੂਲ ਨਾ ਕਰਨ ਦਾ ਫੈਸਲਾ ਕੀਤਾ। ਇਸ ਫੈਸਲੇ ਵਿਰੁੱਧ ਨਗਰ ਪਾਲਿਕਾ ਵੱਲੋਂ ਮਾਨਯੋਗ ਅਡੀਸ਼ਨਲ ਡਿਸਟ੍ਰਿਕਟ ਜੱਜ ਬਠਿੰਡਾ ਦੀ ਅਦਾਲਤ ਵਿੱਚ ਅਪੀਲ ਦਾਇਰ ਕੀਤੀ, ਜਿਸਦਾ ਫੈਸਲਾ ਮਾਨਯੋਗ ਅਦਾਲਤ ਵੱਲੋਂ ਮਿਤੀ 11.01.1988 ਨੂੰ ਨਗਰ ਪਾਲਿਕਾ ਦੇ

ਹੱਕ ਵਿੱਚ ਹੋ ਗਿਆ। ਉਸ ਫੈਸਲੇ ਵਿਰੁੱਧ ਅਸੈਸੀਜ਼ ਵੱਲੋਂ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਚੰਡੀਗੜ੍ਹ ਵਿਖੇ RSA No. 1813 ਆਫ 1988 (ਜਸਵੰਤ ਰਾਏ ਐਂਡ ਅਦਰਜ਼ ਬਨਾਮ ਨਗਰ ਪਾਲਿਕਾ ਬਠਿੰਡਾ) ਦਾਇਰ ਕੀਤੀ ਗਈ।

ਨਗਰ ਕੌਂਸਲ ਬਠਿੰਡਾ ਵੱਲੋਂ ਮਿਉਂਸਪਲ ਐਕਟ 1911 ਦੀ ਧਾਰਾ 80(2) ਅਧੀਨ ਮਿਤੀ 14.11.2000 ਨੂੰ 32003/- ਰੁਪਏ ਹਾਊਸ ਟੈਕਸ ਦੀ ਵਸੂਲੀ ਸਾਲ 1979-80 ਤੋਂ 2000-01 ਦੀ ਵਸੂਲੀ ਸਬੰਧੀ ਨੋਟਿਸ ਜਾਰੀ ਕੀਤਾ। ਇਸ ਨੋਟਿਸ ਦੇ ਵਿਰੁੱਧ ਅਸੈਸੀਜ਼ (ਜਸਵੰਤ ਰਾਏ ਐਂਡ ਅਦਰਜ਼) ਵੱਲੋਂ ਮਿਉਂਸਪਲ ਕੌਂਸਲ ਬਠਿੰਡਾ ਦੇ ਵਿਰੁੱਧ ਸਿਵਲ ਸੂਟ ਨੰਬਰ 39 ਮਿਤੀ 07.04.2001 ਨੂੰ ਮਾਨਯੋਗ ਸਿਵਲ ਜੱਜ ਜੂਨੀਅਰ ਡਵੀਜ਼ਨ ਬਠਿੰਡਾ ਜੀ ਦੀ ਅਦਾਲਤ ਵਿੱਚ ਦਾਇਰ ਕੀਤਾ, ਜਿਸਦਾ ਫੈਸਲਾ ਮਾਨਯੋਗ ਅਦਾਲਤ ਵੱਲੋਂ ਮਿਤੀ 10.02.2003 ਨੂੰ ਕਮੇਟੀ ਦੇ ਹੱਕ ਵਿੱਚ ਕੀਤਾ ਗਿਆ। ਇਸ ਫੈਸਲੇ ਵਿਰੁੱਧ ਅਸੈਸੀਜ਼ ਨੂੰ ਮਾਨਯੋਗ ਅਦਾਲਤ ਵਿਖੇ RT No. 44 ਮਿਤੀ 14.06.2004 ਰਾਹੀਂ ਕੇਸ ਦਾਇਰ ਕੀਤਾ, ਜਿਸਦਾ ਫੈਸਲਾ ਮਿਤੀ 24.01.2007 ਨੂੰ ਮਾਨਯੋਗ ਅਦਾਲਤ ਨੇ ਮਿਤੀ 14.11.2000 ਤੋਂ ਤਿੰਨ ਸਾਲ ਪਹਿਲਾਂ ਦਾ ਹਾਊਸ ਟੈਕਸ ਕਮੇਟੀ ਵਸੂਲ ਕਰ ਸਕਦੀ ਹੈ। ਇਹਨਾਂ ਤਿੰਨ ਸਾਲਾਂ ਤੋਂ ਪਹਿਲਾਂ ਦਾ ਹਾਊਸ ਟੈਕਸ ਵਸੂਲ ਕਰਨ ਸਬੰਧੀ ਰੋਕ ਲਗਾਈ ਗਈ। ਇਸ ਫੈਸਲੇ ਵਿਰੁੱਧ ਐਮ.ਸੀ. ਬਠਿੰਡਾ ਵੱਲੋਂ ਮਾਨਯੋਗ ਡਿਸਟ੍ਰਿਕਟ ਜੱਜ ਬਠਿੰਡਾ ਦੀ ਅਦਾਲਤ ਵਿੱਚ ਅਪੀਲ ਦਾਇਰ ਕੀਤੀ ਗਈ, ਜਿਸਦਾ ਫੈਸਲਾ ਮਿਤੀ 31.03.2010 ਰਾਹੀਂ ਅਪੀਲ ਡਿਸਮਿਸ ਕਰ ਦਿੱਤੀ ਗਈ। ਇਸ ਫੈਸਲੇ ਵਿਰੁੱਧ ਨਗਰ ਨਿਗਮ ਵੱਲੋਂ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਖੇ RSA No. 978 of 2011 ਦਾਇਰ ਕੀਤੀ ਗਈ।

ਮਿਤੀ 10.09.2014 ਨੂੰ ਮਾਨਯੋਗ ਪੰਜਾਬ ਐਂਡ ਹਰਿਆਣਾ ਹਾਈਕੋਰਟ, ਚੰਡੀਗੜ੍ਹ ਵੱਲੋਂ RSA No. 1813 ਆਫ 1988 ਜੋ ਕਿ ਅਸੈਸੀਜ਼ ਜਸਵੰਤ ਰਾਏ ਐਂਡ ਅਦਰਜ਼ ਵਲੋਂ ਮਿਉਂਸਪਲਟੀ ਬਠਿੰਡਾ ਵਿਰੁੱਧ ਦਾਇਰ ਕੀਤੀ ਸੀ, ਡਿਸਮਿਸ ਕਰ ਦਿੱਤੀ ਗਈ। ਇਸਦੇ ਨਾਲ ਹੀ RSA No. 978 ਆਫ 2011 ਜੋ ਕਿ ਨਗਰ ਨਿਗਮ ਬਠਿੰਡਾ ਵੱਲੋਂ ਜਸਵੰਤ ਰਾਏ ਐਂਡ ਅਦਰਜ਼ ਵਿਰੁੱਧ ਦਾਇਰ ਕੀਤੀ ਗਈ ਸੀ ਵੀ ਡਿਸਮਿਸ ਕਰ ਦਿੱਤੀ ਗਈ।

ਇਸ ਤਰ੍ਹਾਂ ਸਾਲ 1979-80 ਤੋਂ 1984-85 ਤੱਕ ਦਾ ਬਣਦਾ ਹਾਊਸ ਟੈਕਸ 8094/50 ਰੁਪਏ ਵਸੂਲ ਕਰਨਾ ਬਣਦਾ ਹੈ ਅਤੇ ਸਾਲ 1985-86 ਤੋਂ 1997-98 ਤੱਕ 13 ਸਾਲ ਦਾ ਬਣਦਾ ਹਾਊਸ ਟੈਕਸ ਮੁਬਲਿਗ 19305/- ਰੁਪਏ ਡਿਮਾਂਡ ਖਾਰਜ ਕਰਨੀ ਬਣਦੀ ਹੈ ਅਤੇ ਸਾਲ 1998-99 ਤੋਂ ਸਾਲ 2012-13 ਤੱਕ ਰਹਿੰਦਾ ਬਕਾਇਆ ਵਸੂਲ ਕਰਨ ਯੋਗ ਹੈ। ਇਸ ਤਰ੍ਹਾਂ ਸਾਲ 2012-13 ਦੀ ਡਿਮਾਂਡ ਅਨੁਸਾਰ ਅਸੈਸੀਜ਼ ਵੱਲੋਂ 42250/- ਰੁਪਏ ਬਾਕੀ ਹਨ, ਜਿਸ ਵਿੱਚੋਂ ਸਾਲ 1985-86 ਤੋਂ 1997-98 ਤੱਕ ਦੇ 19305/- ਰੁਪਏ ਖਾਰਜ ਕਰਨ ਉਪਰੰਤ 22945/- ਰੁਪਏ ਵਸੂਲਣਯੋਗ ਹਨ। ਮਾਨਯੋਗ ਹਾਈਕੋਰਟ ਦੇ ਫੈਸਲੇ ਅਨੁਸਾਰ ਬਣਦੀ ਰਕਮ ਖਾਰਜ ਕਰਨ ਹਿੱਤ ਅਤੇ ਬਕਾਇਆ ਰਹਿੰਦੀ ਰਕਮ ਵਸੂਲਣ ਲਈ ਰਿਪੋਰਟ ਕੀਤੀ ਗਈ ਹੈ।

ਇਸ ਸਬੰਧੀ ਸੁਪਰਡੈਂਟ, ਹਾਊਸ ਟੈਕਸ ਸ਼ਾਖਾ, ਨਗਰ ਨਿਗਮ ਬਠਿੰਡਾ ਨੇ ਰਿਪੋਰਟ ਕੀਤੀ ਹੈ ਕਿ ਸਾਲ 1985-86 ਤੋਂ 1997-98 ਤੱਕ ਦੇ 19305/- ਰੁਪਏ ਖਾਰਜ ਕਰਨ ਲਈ ਅਤੇ ਸਾਲ 1977-78 ਤੋਂ 1984-85 ਅਤੇ 1998-99 ਤੋਂ 2012-13 ਤੱਕ ਦੇ ਬਾਕੀ ਰਹਿੰਦੇ 22945/- ਰੁਪਏ ਵਸੂਲ ਕਰਨ ਲਈ ਕੇਸ ਹਾਊਸ ਦੇ ਵਿਚਾਰ ਹਿੱਤ।

**ਮਤਾ ਨੰਬਰ 5: ਪ੍ਰਵਾਨ ਹੈ।**

**<u>ਏਜੰਡਾ ਨੰ: 6</u>**

ਰਿਪੋਰਟ ਹਾਊਸ ਟੈਕਸ ਸ਼ਾਖਾ ਕਿ RSA No. 21 of 2016 Titled as Municipal Corporation Bathinda V/s. Smt. Devki Devi and another ਸਬੰਧੀ ਪ੍ਰਾਪਰਟੀ ਹਾਊਸ ਟੈਕਸ ਦੇ ਰਿਕਾਰਡ ਅਨੁਸਾਰ ਮਦਨ ਲਾਲ ਪੁੱਤਰ ਸ਼੍ਰੀ ਤਿਲਕ ਰਾਮ ਅਤੇ ਸ਼ੀਲਾ ਦੇਵੀ ਪਤਨੀ ਸ਼੍ਰੀ ਮਨੋਹਰ ਲਾਲ ਦੇ ਨਾਮ ਤੇ ਦਰਜ਼ ਹੈ।

ਉਕਤ ਪ੍ਰਾਪਰਟੀ ਵੱਲ ਸਾਲ 1974-75 ਤੋਂ 2012-13 ਤੱਕ ਦਾ 55899/- ਰੁਪਏ ਹਾਊਸ ਟੈਕਸ + ਫਾਇਰ ਸੈਸ 1786/- ਰੁਪਏ ਬਾਕੀ ਹਨ। ਯੂਨਿਟ ਨੰਬਰ 19 A/1 ਦੇ ਅਸੈਸੀ ਨੂੰ ਨਗਰ ਨਿਗਮ ਐਕਟ 1976 ਦੀ ਧਾਰਾ 137 ਅਧੀਨ ਨੋਟਿਸ ਜਾਰੀ ਕੀਤਾ ਗਿਆ ਸੀ, ਜਿਸਦੇ ਖਿਲਾਫ ਅਸੈਸੀ ਨੇ 15.10.2009 ਨੂੰ ਸਿਵਲ ਕੋਰਟ ਵਿੱਚ ਸਿਵਲ ਸੂਟ ਨੰਬਰ 223 ਦਾਇਰ ਕਰ ਦਿੱਤਾ ਸੀ, ਜਿਸਦਾ ਫੈਸਲਾ ਮਿਤੀ 29.09.2014 ਨੂੰ ਨਿਗਮ ਦੇ ਹੱਕ ਵਿੱਚ ਹੋ ਗਿਆ ਸੀ। ਇਸਦੇ ਖਿਲਾਫ ਅਸੈਸੀ ਨੇ ਮਾਨਯੋਗ ਜਿਲਾ ਜੱਜ ਜੀ ਦੀ ਅਦਾਲਤ ਵਿੱਚ ਅਪੀਲ ਦਾਇਰ ਕਰ ਦਿੱਤੀ ਸੀ। ਇਸਦਾ ਫੈਸਲਾ ਨਗਰ ਨਿਗਮ ਦੇ ਖਿਲਾਫ ਹੋ ਗਿਆ ਹੈ। ਇਸਤੋਂ ਬਾਅਦ ਨਿਗਮ ਨੇ ਮਾਨਯੋਗ ਹਾਈਕੋਰਟ ਵਿੱਚ RSA ਨੰਬਰ 21 ਆਫ 2016 ਰਾਹੀਂ ਅਪੀਲ ਦਾਇਰ ਕਰ ਦਿੱਤੀ ਸੀ। ਮਾਨਯੋਗ ਹਾਈਕੋਰਟ ਵੱਲੋਂ ਨਗਰ ਨਿਗਮ ਵੱਲੋਂ ਕੀਤੀ ਗਈ ਅਪੀਲ ਮਿਤੀ 07.01.2016 ਨੂੰ ਡਿਸਮਿਸ ਕਰ ਦਿੱਤੀ ਗਈ ਹੈ।

ਉਕਤ ਸਬੰਧੀ ਫਾਇਲ ਵਿੱਚ ਮੌਜੂਦ ਰਿਕਾਰਡ ਅਨੁਸਾਰ ਯੂਨਿਟ ਨੰਬਰ 19A/1 ਨੂੰ ਸਾਲ 1974-75 ਵਿੱਚ ਅਸੈਸ ਕਰਕੇ ਸਲਾਨਾ 1134/- ਰੁਪਏ ਹਾਊਸ ਟੈਕਸ ਲਗਾਇਆ ਗਿਆ ਸੀ। ਇਸ ਯੂਨਿਟ ਨੂੰ ਦੁਬਾਰਾ ਸਾਲ 1977-78 ਵਿੱਚ ਰੀ-ਅਸੈਸ ਕਰਕੇ ਸਲਾਨਾ ਹਾਊਸ ਟੈਕਸ 1539/- ਰੁਪਏ ਲਗਾਇਆ ਗਿਆ। ਇਸਤੋਂ ਬਾਅਦ ਇਸ ਯੂਨਿਟ ਨੂੰ ਸਾਲ 1986-87 ਵਿੱਚ ਰੀ-ਅਸੈਸ ਕਰਕੇ ਸਲਾਨਾ ਹਾਊਸ ਟੈਕਸ 1701/- ਰੁਪਏ ਲਗਾਇਆ ਗਿਆ। ਅਸੈਸੀ ਨੂੰ ਸਾਲ 1974-75 ਤੋਂ 2009-10 ਤੱਕ ਦੀ ਵਸੂਲੀ 55300/- ਰੁਪਏ ਲਈ ਨਗਰ ਨਿਗਮ ਐਕਟ 1976 ਦੀ ਧਾਰਾ 137 ਅਧੀਨ ਨੋਟਿਸ ਮਿਤੀ 07.10.2009 ਨੂੰ ਜਾਰੀ ਕੀਤਾ ਗਿਆ। ਇਸ ਨੋਟਿਸ ਦੇ ਵਿਰੁੱਧ ਅਸੈਸੀ ਨੇ ਮਿਤੀ 1.10.2009 ਨੂੰ ਮਾਨਯੋਗ ਅਦਾਲਤ ਵਿੱਚ ਸਿਵਲ ਸੂਟ ਨੰਬਰ 223 ਦਾਇਰ ਕਰ ਦਿੱਤਾ ਅਤੇ ਮਾਨਯੋਗ ਅਦਾਲਤ ਸਿਵਲ ਜੱਜ ਸੀਨੀਅਰ ਡਵੀਜ਼ਨ ਦੇ ਅੰਤਰਿਮ ਹੁਕਮ ਮਿਤੀ 15.10.2009 ਅਨੁਸਾਰ ਅਸੈਸੀ ਵੱਲੋਂ ਮਿਤੀ 16.10.2009 ਨੂੰ 4740/- ਰੁਪਏ ਨਿਗਮ ਵਿਖੇ ਜਮਾਂ ਕਰਵਾ ਦਿੱਤੇ ਸਨ। ਮਾਨਯੋਗ ਸਿਵਲ ਜੱਜ ਜੂਨੀਅਰ ਡਵੀਜ਼ਨ ਬਠਿੰਡਾ ਜੀ ਉਕਤ ਸਿਵਲ ਸੂਟ ਦਾ ਫੈਸਲਾ ਕਰਦੇ ਹੋਏ ਮਿਤੀ 29.09.2014 ਨੂੰ ਡਿਸਮਿਸ ਕਰ ਦਿੱਤਾ। ਇਸ ਫੈਸਲੇ

ਦੇ ਵਿਰੁੱਧ ਅਸੈਸੀ ਨੇ ਮਾਨਯੋਗ ਐਡੀਸ਼ਨਲ ਸਿਵਲ ਜੱਜ ਬਠਿੰਡਾ ਜੀ ਦੀ ਅਦਾਲਤ ਵਿੱਚ ਕੇਸ ਦਾਇਰ ਕਰ ਦਿੱਤਾ, ਜਿਸਦਾ ਫੈਸ਼ਲਾ ਮਿਤੀ 19.08.2015 ਨੂੰ ਨਿਗਮ ਦੇ ਖਿਲਾਫ ਹੋ ਗਿਆ। ਇਸ ਫੈਸਲੇ ਦੇ ਵਿਰੁੱਧ ਨਿਗਮ ਨੇ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਚੰਡੀਗੜ੍ਹ ਵਿਖੇ **RSA No. 21** ਆਫ 2016 ਦਾਇਰ ਕਰ ਦਿੱਤੀ, ਜੋ ਇਹ ਅਪੀਲ ਮਾਨਯੋਗ ਅਦਾਲਤ ਨੇ ਮਿਤੀ 07.01.2016 ਨੂੰ ਡਿਸਮਿਸ ਕਰ ਦਿੱਤਾ। ਮਿਤੀ 04.03.2016 ਨੂੰ ਨਿਗਮ ਦੇ ਵਕੀਲ ਸ਼੍ਰੀ ਸੰਜੀਵ ਸੋਨੀ ਵੱਲੋਂ ਲਿਖ ਕੇ ਆਇਆ ਹੈ ਕਿ ਇਸ ਕੇਸ ਦੀ ਅਪੀਲ ਮਾਨਯੋਗ ਸੁਪਰੀਮ ਕੋਰਟ ਵਿੱਚ ਦਾਇਰ ਕਰਨ ਦੇ ਯੋਗ ਨਹੀਂ ਹੈ, ਕਿਉਂ ਜੋ ਕੋਈ ਵੀ ਬਿੱਲ/ ਨੋਟਿਸ ਦੇਵਕੀ ਦੇਵੀ ਨੂੰ ਨਹੀਂ ਦਿੱਤਾ ਗਿਆ।

ਇਸ ਤਰ੍ਹਾਂ ਮਾਨਯੋਗ ਅਦਾਲਤ ਦੇ ਫੈਸਲੇ ਅਨੁਸਾਰ ਸਾਲ 2006-07 ਤੱਕ ਬਣਦੀ ਡਿਮਾਂਡ 50197/- ਰੁਪਏ ਖਾਰਜ ਕਰਨ ਹਿੱਤ ਅਤੇ ਬਾਕੀ ਦੀ ਰਕਮ ਅਸੈਸੀ ਵੱਲੋਂ ਜਮਾਂ ਕਰਵਾਈ ਰਕਮ 4740/- ਰੁਪਏ ਅਡਜੱਸਟ ਕਰਨ ਉਪਰੰਤ 5466/- ਰੁਪਏ ਹਾਊਸ ਟੈਕਸ + 510/- ਰੁਪਏ ਫਾਇਰ ਸੈਸ ਵਸੂਲ ਕਰਨ ਹਿੱਤ ਰਿਪੋਰਟ ਕੀਤੀ ਹੈ।

ਇਸ ਸਬੰਧੀ ਸੁਪਰਡੈਂਟ, ਹਾਊਸ ਟੈਕਸ ਸ਼ਾਖਾ, ਨਗਰ ਨਿਗਮ ਬਠਿੰਡਾ ਨੇ ਰਿਪੋਰਟ ਕੀਤੀ ਹੈ ਕਿ ਉਕਤ ਰਿਪੋਰਟ ਅਨੁਸਾਰ 50197/- ਰੁਪਏ ਖਾਰਜ ਕਰਨ ਅਤੇ 5466/- ਰੁਪਏ ਵਸੂਲ ਕਰਨ ਹਿੱਤ ਰਿਪੋਰਟ ਪੇਸ਼ ਹੈ ਜੀ। ਖਾਰਜ ਕਰਨ ਯੋਗ ਰਕਮ ਸਾਲ 1974-75 ਤੋਂ 2006-07 ਤੱਕ ਦੀ ਹੈ। ਕੇਸ ਹਾਊਸ ਦੇ ਵਿਚਾਰ ਹਿੱਤ।

**ਮਤਾ ਨੰਬਰ 6: ਪ੍ਰਵਾਨ ਹੈ।**

**ਏਜੰਡਾ ਨੰ: 7**

ਰਿਪੋਰਟ ਵਰਕਸ ਸ਼ਾਖਾ ਕਿ ਕਰਤਾਰ ਕਲੋਨੀ ਵਾਰਡ ਨੰਬਰ 1 ਵਿੱਚ ਡਿਸਪੈਂਸਰੀ ਬਨਾਉਣ ਸਬੰਧੀ ਮਾਨਯੋਗ ਡਿਪਟੀ ਮੇਅਰ ਸ਼੍ਰੀਮਤੀ ਗੁਰਿੰਦਰਪਾਲ ਕੋਰ ਮਾਂਗਟ ਜੀ ਵੱਲੋਂ ਪ੍ਰਾਪਤ ਦਰਖਾਸਤ ਰਾਹੀਂ ਕਰਤਾਰ ਕਲੋਨੀ ਵਾਰਡ ਨੰਬਰ 1 ਵਿੱਚ ਖਾਲੀ ਪਈ 1700 ਗੱਜ਼ ਜਗ੍ਹਾ ਵਿੱਚ ਡਿਸਪੈਂਸਰੀ ਦੀ ਉਸਾਰੀ ਕਰਨ ਹਿੱਤ ਹੈਲਥ ਵਿਭਾਗ ਨੂੰ ਟਰਾਂਸਫਰ ਕਰਨ ਲਈ ਮੰਗ ਕੀਤੀ ਹੈ। ਇਸਤੋਂ ਇਲਾਵਾ ਡਿਪਟੀ ਮੈਡੀਕਲ ਕਮਿਸ਼ਨਰ, ਪੰਜਾਬ ਹੈਲਥ ਕਾਰਪੋਰੇਸ਼ਨ ਬਠਿੰਡਾ ਵੱਲੋਂ ਆਪਣੇ ਪੱਤਰ ਨੰਬਰ 527 ਮਿਤੀ 02.03.2016 ਰਾਹੀਂ ਲਿਖਿਆ ਗਿਆ ਹੈ ਕਿ ਉਹਨਾਂ ਨੂੰ ਅਰਬਨ ਪ੍ਰਾਈਮਰੀ ਹੈਲਥ ਸੈਂਟਰ ਦੀ ਉਸਾਰੀ ਕਰਨ ਲਈ 3600 ਵਰਗ ਫੁੱਟ ਜਗ੍ਹਾ ਚਾਹੀਦੀ ਹੈ।

ਇਸ ਸਬੰਧੀ ਰਿਪੋਰਟ ਕੀਤੀ ਜਾਂਦੀ ਹੈ ਕਿ ਕਰਤਾਰ ਕਲੋਨੀ ਦੀਆਂ ਗਲੀਆਂ, ਪਾਰਕਾਂ ਅਤੇ ਐਸ.ਟੀ.ਪੀ. ਵਾਲੀ ਜਗ੍ਹਾ ਦੀ ਰਜਿਸਟਰੀ ਨਗਰ ਨਿਗਮ ਦੇ ਨਾਮ ਤੇ ਹੈ। ਇਹ ਐਸ.ਟੀ.ਪੀ. ਵਾਲੀ ਜਗ੍ਹਾ 1700 ਵਰਗ ਗੱਜ਼ ਹੈ। ਡਿਪਟੀ ਮੈਡੀਕਲ ਕਮਿਸ਼ਨਰ, ਪੰਜਾਬ ਹੈਲਥ ਕਾਰਪੋਰੇਸ਼ਨ, ਬਠਿੰਡਾ ਨੂੰ ਡਿਸਪੈਂਸਰੀ ਲਈ ਲਗਭਗ 400 ਗੱਜ਼ ਜਗ੍ਹਾ ਦੀ ਲੋੜ੍ਹ ਹੈ। ਇਸ 1700 ਗੱਜ਼ ਜਗ੍ਹਾ ਵਿੱਚੋਂ ਪੰਜਾਬ ਹੈਲਥ ਕਾਰਪੋਰੇਸ਼ਨ ਦੇ ਨਾਮ ਡਿਸਪੈਂਸਰੀ ਲਈ 400 ਗੱਜ਼ ਜਗ੍ਹਾ ਲੀਜ਼ ਤੇ ਦੇਣ ਲਈ ਕੇਸ ਹਾਊਸ ਦੇ ਵਿਚਾਰ ਹਿੱਤ।

**ਮਤਾ ਨੰਬਰ 7: ਪ੍ਰਵਾਨ ਹੈ।**

**ਏਜੰਡਾ ਨੰ: 8**

ਰਿਪੋਰਟ ਸਿਹਤ ਸ਼ਾਖਾ ਕਿ ਜੀ.ਟੀ. ਰੋਡ, ਰੋਜ਼ ਗਾਰਡਨ ਤੋਂ ਟੀ.ਵੀ. ਟਾਵਰ ਤੱਕ, ਬੀਬੀ ਵਾਲਾ ਰੋਡ, 100' ਰੋਡ, ਦਾਣਾ ਮੰਡੀ ਰੋਡ, ਡਬਵਾਲੀ ਰੋਡ, ਮਾਨਸਾ ਰੋਡ ਸ਼ਹਿਰ ਦੀਆਂ ਪ੍ਰਮੁੱਖ ਸੜ੍ਹਕਾਂ ਹਨ। ਇਹਨਾਂ ਸੜ੍ਹਕਾਂ ਉੱਤੇ ਫੁੱਟਪਾਥ ਬਣੇ ਹੋਏ ਹਨ। ਇਹਨਾਂ ਸੜ੍ਹਕਾਂ ਨਾਲ ਸਲਿਪਰੀ ਰੋਡਜ਼ ਅਤੇ ਕੱਚੀਆਂ ਥਾਂਵਾਂ ਵੀ ਹਨ। ਇਹਨਾਂ ਸੜ੍ਹਕਾਂ ਰਾਹੀਂ ਵੀ.ਆਈ.ਪੀ. ਸ਼ਹਿਰ ਵਿੱਚ ਦਾਖਲ ਹੁੰਦੇ ਹਨ। ਸ਼ਹਿਰਵਾਸੀਆਂ ਦਾ ਵੀ ਇਹਨਾਂ ਸੜ੍ਹਕਾਂ ਤੇ ਬਹੁਤ ਆਉਣ ਜਾਣ ਹੈ।

ਇਸ ਕਰਕੇ ਇਹਨਾਂ ਸੜ੍ਹਕਾਂ ਦੀ ਸਾਫ ਸਫਾਈ ਵਿਸ਼ੇਸ਼ ਧਿਆਨ ਦੀ ਮੰਗ ਕਰਦੀ ਹੈ। ਇਸੇ ਲੋੜ੍ਹ ਨੂੰ ਮੁੱਖ ਰਖਦੇ ਹੋਏ ਨਿਗਮ ਦੇ ਮਤਾ ਨੰਬਰ 107 ਮਿਤੀ 05.02.2014 ਰਾਹੀਂ 1784215/- ਰੁਪਏ ਦਾ 6 ਮਹੀਨੇ ਦੇ ਸਮੇਂ ਲਈ ਅਤੇ ਇਸ ਉਪਰੰਤ ਮਤਾ ਨੰਬਰ 249 ਮਿਤੀ 27.08.2014 ਰਾਹੀਂ 1841331/- ਰੁਪਏ ਦਾ ਤਖਮੀਨਾ ਪਾਸ ਕਰਕੇ ਛੇ ਮਹੀਨਿਆਂ ਲਈ 33 ਸਫਾਈ ਸੇਵਕ ਆਊਟ ਸੋਰਸ ਰਾਹੀਂ ਲੈ ਕੇ ਉਕਤ ਸੜ੍ਹਕਾਂ ਦੀ ਸਫਾਈ ਕਰਵਾਈ ਗਈ ਹੈ। ਇਸ ਕੰਮ ਲਈ ਠੇਕੇਦਾਰ ਨੇ 1 ਨਵੰਬਰ 2014 ਤੋਂ ਸਪਲਾਈ ਕੀਤੀ ਗਈ ਸੀ। ਇਸਦਾ ਸਮਾਂ 30 ਅਪ੍ਰੈਲ ਨੂੰ ਖਤਮ ਹੋ ਰਿਹਾ ਹੈ। ਮਾਨਯੋਗ ਮੇਅਰ ਸਾਹਿਬ ਨੇ ਆਦੇਸ਼ ਕੀਤੇ ਹਨ ਕਿ ਉਪਰੋਕਤ ਸੜ੍ਹਕਾਂ ਤੋਂ ਇਲਾਵਾ 80' ਰੋਡ ਪਟਿਆਲਾ ਫਾਟਕ ਤੋਂ ਕਪਾਹ ਮੰਡੀ ਤੱਕ 600 ਮੀਟਰ ਅਤੇ ਸੰਜੇ ਨਗਰ ਰੋਡ 700 ਮੀਟਰ ਸੜ੍ਹਕਾਂ ਉਪਰ ਵੀ ਸਫਾਈ ਨਹੀਂ ਹੈ। ਇਹਨਾਂ ਸੜ੍ਹਕਾਂ ਉਪਰ ਵੀ 4 ਕਰਮਚਾਰੀਆਂ ਦੀ ਜਰੂਰਤ ਹੈ। ਇਹਨਾਂ ਸੜ੍ਹਕਾਂ ਦੀ ਅਹਿਮੀਅਤ ਤੇ ਸਫਾਈ ਨੂੰ ਮੁੱਖ ਰਖਦੇ ਹੋਏ ਉਪਰੋਕਤ ਸੜ੍ਹਕਾਂ ਲਈ 37 ਸਫਾਈ ਕਰਮਚਾਰੀਆਂ ਦੀ ਆਉਟਸੋਰਸ ਰਾਹੀਂ ਸਪਲਾਈ ਲੈਣ ਦਾ ਤਖਮੀਨਾ ਤਿਆਰ ਕੀਤਾ ਹੈ। ਰਿਪੋਰਟ ਹਾਊਸ ਦੇ ਵਿਚਾਰ ਹਿੱਤ।

**ਮਤਾ ਨੰਬਰ 8: ਪ੍ਰਵਾਨ ਹੈ। ਮਜ਼ੀਦ ਪਾਸ ਕੀਤਾ ਗਿਆ ਕਿ ਕਿਉਂ ਜੋ ਸ਼ਹਿਰ ਬਹੁਤ ਜਿਆਦਾ ਵੱਧ ਚੁੱਕਿਆ ਹੈ, ਇਸ ਲਈ ਸ਼ਹਿਰ ਨੂੰ ਸਾਫ ਸੁਥਰਾ ਰੱਖਣ ਖਾਤਰ ਸਫਾਈ ਕਰਮਚਾਰੀਆਂ ਦੀ ਗਿਣਤੀ ਵਧਾ ਕੇ 45 ਕਰ ਲਈ ਜਾਵੇ। ਇਸਤੇ ਆਉਣ ਵਾਲੇ ਖਰਚੇ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।**

**ਏਜੰਡਾ ਨੰ: 9**

ਰਿਪੋਰਟ ਵਰਕਸ ਸ਼ਾਖਾ ਕਿ ਮੌਜੂਦਾ ਸਮੇਂ ਸਿਟੀ ਬੱਸ ਸਰਵਿਸ ਦੀਆਂ 10 ਬੱਸਾਂ ਨਗਰ ਨਿਗਮ ਦੁਆਰਾ ਪੀ.ਆਰ.ਟੀ.ਸੀ. ਨਾਲ ਕੀਤੇ ਐਮ.ਓ.ਯੂ ਅਧੀਨ ਪੀ.ਆਰ.ਟੀ.ਸੀ. ਵੱਲੋਂ ਚਲਾਈਆਂ ਜਾ ਰਹੀਆਂ ਹਨ ਅਤੇ ਇਹਨਾਂ ਦੀ ਦੇਖਭਾਲ ਦਾ ਕੰਮ ਵੀ ਪੀ.ਆਰ.ਟੀ.ਸੀ. ਵੱਲੋਂ ਆਪਣੇ ਖਰਚੇ ਤੇ ਕੀਤਾ ਜਾਂਦਾ ਹੈ। ਇਹਨਾਂ ਬੱਸਾਂ ਤੋਂ ਹੋਣ ਵਾਲੀ ਆਮਦਨ ਵੀ ਪੀ.ਆਰ.ਟੀ.ਸੀ. ਦੁਆਰਾ ਹੀ ਰੱਖੀ ਜਾਂਦੀ ਹੈ।

ਹੁਣ ਪੀ.ਆਰ.ਟੀ.ਸੀ. ਵੱਲੋਂ ਲਿਖਿਆ ਗਿਆ ਹੈ ਕਿ ਉਹ ਬੱਸਾਂ ਚਲਾਉਣ ਤੋਂ ਅਸਮਰਥ ਹਨ, ਕਿਉਂ ਕਿ ਇਹਨਾਂ ਬੱਸਾਂ ਵਿੱਚ ਕਾਫੀ ਜਿਆਦਾ ਘਾਟਾ ਪੈ ਰਿਹਾ ਹੈ। ਇਸ ਸਬੰਧੀ ਹੋਈ ਮੀਟਿੰਗ ਵਿੱਚ ਇਹ ਫੈਸਲਾ ਲਿਆ ਗਿਆ ਹੈ ਕਿ ਪੀ.ਆਰ.ਟੀ.ਸੀ. ਨਾਲ ਕੀਤੇ ਗਏ ਐਮ.ਓ.ਯੂ ਨੂੰ ਖਤਮ ਕਰਦੇ ਹੋਏ ਨਗਰ ਨਿਗਮ ਆਪਣੇ ਪੱਧਰ ਤੇ ਉਪਰੋਕਤ 10 ਬੱਸਾਂ ਅਤੇ 20 ਨਵੀਆਂ ਖਰੀਦੀਆਂ ਜਾਣ ਵਾਲੀਆਂ ਮਿੰਨੀ ਬੱਸਾਂ ਦੀ ਦੇਖਭਾਲ ਕਰੇ ਅਤੇ ਇਹਨਾਂ ਨੂੰ ਚਲਾਵੇ। ਨਗਰ ਨਿਗਮ ਵੱਲੋਂ ਪੀ.ਆਰ.ਟੀ.ਸੀ. ਨੂੰ ਜੋ 35.00 ਲੱਖ ਰੁਪਏ ਸ਼ੈਡ ਵਗੈਰਾ ਬਨਾਉਣ ਲਈ ਦਿੱਤੇ ਗਏ ਸਨ, ਉਹ ਨਗਰ ਨਿਗਮ ਨੂੰ ਵਾਪਸ ਕੀਤੇ ਜਾਣਗੇ ਅਤੇ ਚੱਲ ਰਹੀਆਂ 10 ਬੱਸਾਂ ਦੀ ਰੰਗ ਰੋਗਣ ਅਤੇ ਹੋਰ ਰਿਪੇਅਰ ਕਰਕੇ ਨਗਰ ਨਿਗਮ ਨੂੰ ਸੌਂਪ ਦਿੱਤੀਆਂ ਜਾਣਗੀਆਂ।

ਇਸ ਤਰ੍ਹਾਂ ਕਰਨ ਨਾਲ ਆਉਣ ਵਾਲੇ ਸਮੇਂ ਵਿੱਚ ਇਹਨਾਂ ਬੱਸਾਂ ਨੂੰ ਚਲਾਉਣ ਦਾ ਪ੍ਰਬੰਧ ਨਗਰ ਨਿਗਮ ਨੂੰ ਆਪਣੇ ਪੱਧਰ ਤੇ ਕਰਨਾ ਹੋਵੇਗਾ। ਇਸ ਸਬੰਧੀ ਵਿਚਾਰ ਕਰਨ ਉਪਰੰਤ ਇਹ ਸੋਚਿਆ ਗਿਆ ਹੈ ਕਿ ਜੇਕਰ ਇਹਨਾਂ ਬੱਸਾਂ ਨੂੰ ਕਿਸੇ ਪ੍ਰਾਈਵੇਟ ਬੱਸ ਆਪਰੇਟਰ ਨੂੰ ਠੇਕੇ ਤੇ ਦਿੱਤਾ ਜਾਂਦਾ ਹੈ ਤਾਂ ਜਿੱਥੇ ਇਹ ਬੱਸਾਂ ਦੀ ਸਹੀ ਤਰੀਕੇ ਨਾਲ ਦੇਖਭਾਲ ਕੀਤੀ ਜਾ ਸਕੇਗੀ, ਉੱਥੇ ਨਗਰ ਨਿਗਮ ਨੂੰ ਠੇਕੇ ਤੋਂ ਆਮਦਨ ਹੋਣੀ ਸ਼ੁਰੂ ਹੋ ਜਾਵੇਗੀ।

ਪਹਿਲਾਂ ਚੱਲ ਰਹੀਆਂ 10 ਬੱਸਾਂ ਅਤੇ ਨਵੀਆਂ ਖਰੀਦੀਆਂ ਜਾਣ ਵਾਲੀਆਂ 20 ਮਿੰਨੀ ਬੱਸਾਂ ਨੂੰ ਠੇਕੇ ਤੇ ਦੇਣ ਸਬੰਧੀ ਆਰ.ਐਫ.ਪੀ. ਡਾਕੂਮੈਂਟ ਤਿਆਰ ਕੀਤਾ ਗਿਆ ਹੈ, ਜਿਸ ਵਿੱਚ ਇਸ ਠੇਕੇ ਸਬੰਧੀ ਪੂਰੀ ਡਿਟੇਲ ਦਰਜ਼ ਕੀਤੀ ਗਈ ਹੈ।

ਕੇਸ ਹਾਊਸ ਦੇ ਵਿਚਾਰ ਹਿੱਤ।

**ਮਤਾ ਨੰਬਰ 9: ਪ੍ਰਵਾਨ ਹੈ।**

**ਪੀ.ਆਰ.ਟੀ.ਸੀ. ਤੋਂ ਬੱਸਾ ਵਾਪਸ ਲੈਣਾ ਪ੍ਰਵਾਨ ਕੀਤਾ ਜਾਂਦਾ ਹੈ। ਮਜ਼ੀਦ ਪਾਸ ਕੀਤਾ ਜਾਂਦਾ ਹੈ ਕਿ ਇਹਨਾਂ 10 ਬੱਸਾਂ ਅਤੇ ਨਵੀਆਂ ਖਰੀਦੀਆਂ ਜਾਣ ਵਾਲੀਆਂ ਹੋਰ 20 ਮਿੰਨੀ ਬੱਸਾਂ ਨੂੰ ਨਗਰ ਨਿਗਮ ਵੱਲੋਂ ਆਊਟਸੋਰਸ ਤੇ ਚਲਾਉਣ ਲਈ ਨਗਰ ਨਿਗਮ ਵੱਲੋਂ ਟੈਂਡਰ ਲਗਾਉਣ ਖਾਤਰ ਤਿਆਰ ਕੀਤੀਆਂ ਟਰਮਜ਼ ਐਂਡ ਕੰਡੀਸ਼ਨਜ਼ ਤੇ ਵਿਚਾਰ ਕਰਨ ਲਈ 5 ਮੈਂਬਰੀ ਕਮੇਟੀ ਬਣਾਈ ਜਾਵੇ। ਕਮੇਟੀ ਬਨਾਉਣ ਦੇ ਅਧਿਕਾਰ ਮਾਨਯੋਗ ਮੇਅਰ ਸਾਹਿਬ ਨੂੰ ਦਿੱਤੇ ਜਾਂਦੇ ਹਨ। ਇਸ ਕਮੇਟੀ ਦਾ ਫੈਸਲਾ ਅੰਤਿਮ ਹੋਵੇਗਾ ਅਤੇ ਕਮੇਟੀ ਦੇ ਫੈਸਲੇ ਅਨੁਸਾਰ ਹੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇ।**

**ਏਜੰਡਾ ਨੰ: 10**

ਰਿਪੋਰਟ ਓ.ਐਂਡ ਐਮ. ਸ਼ਾਖਾ ਕਿ ਬਠਿੰਡਾ ਸ਼ਹਿਰ ਵਿੱਚ ਨੰਦੀ ਫਾਉਂਡੇਸ਼ਨ ਨੂੰ ਵਰਕ ਆਰਡਰ ਨੰਬਰ 251/ਵ ਮਿਤੀ 03.12.2008 ਅਤੇ ਮੈਸ: ਫਾਰਚੂਨ ਇਲੈਕਟਰੋ ਇੰਡੀਆ ਨੂੰ ਵਰਕ ਆਰਡਰ ਨੰਬਰ 84/ਵ ਮਿਤੀ 13.02.2009 ਰਾਹੀਂ ਸ਼ਹਿਰ ਵਿੱਚ ਆਰ.ਓ. ਲਗਾਉਣ ਦਾ ਕੰਮ ਅਲਾਟ ਕੀਤਾ ਗਿਆ ਸੀ। ਇਹਨਾਂ ਆਰ.ਓ. ਦੇ ਰੱਖ ਰਖਾਵ ਦਾ ਕੰਮ 7 ਸਾਲ ਦੇ ਸਮੇਂ ਲਈ ਇਹਨਾਂ ਕੰਪਨੀਆਂ ਵੱਲੋਂ ਹੀ ਕੀਤਾ ਜਾਣਾ ਸੀ। ਇਹ ਕੰਪਨੀਆਂ ਲੋਕਾਂ ਨੂੰ 2.50 ਰੁਪਏ ਪ੍ਰਤੀ 20 ਲੀਟਰ ਦੇ ਹਿਸਾਬ ਨਾਲ ਪਾਣੀ ਵੇਚਦੀਆਂ ਹਨ ਅਤੇ ਇਸਦੇ ਬਦਲੇ ਆਰ.ਓ. ਪਲਾਂਟ ਦਾ ਹਰ ਕਿਸਮ ਦਾ ਰੱਖ-ਰਖਾਵ, ਬਿਜਲੀ ਦਾ ਬਿਲ ਅਤੇ ਆਰ.ਓ. ਪਲਾਂਟ ਵਿੱਚ ਕੰਮ ਕਰਦੇ ਮੁਲਾਜ਼ਮਾਂ ਦੀ ਤਨਖਾਹ ਇਹਨਾਂ ਕੰਪਨੀਆਂ ਵੱਲੋਂ ਦਿੱਤੀ ਜਾਣੀ ਹੈ। ਇਹਨਾਂ ਫਰਮਾਂ ਵੱਲੋਂ ਹੀ ਸਮੇਂ-ਸਮੇਂ ਸਿਰ ਪਾਣੀ ਦੇ ਸੈਂਪਲ ਵੀ ਆਪਣੇ ਤੌਰ ਤੇ ਚੈਕ ਕਰਵਾਏ ਜਾਂਦੇ ਹਨ। ਉਪਰੋਕਤ ਆਰ.ਓ. ਪਲਾਂਟਾਂ ਦੀ ਪਬਲਿਕ ਵੱਲੋਂ ਸਰਾਹਨਾ ਕੀਤੀ ਜਾ ਰਹੀ ਹੈ ਅਤੇ ਕੋਈ ਸ਼ਿਕਾਇਤ ਨਹੀਂ ਹੈ। ਲੋਕਾਂ ਨੂੰ ਸ਼ੁੱਧ ਪਾਣੀ ਸਪਲਾਈ ਹੋ ਰਿਹਾ ਹੈ।

ਨੰਦੀ ਫਾਊਂਡੇਸ਼ਨ ਨੇ ਪਹਿਲਾਂ ਆਰ.ਓ. ਮਿਤੀ 01.03.2009 ਨੂੰ ਚਾਲੂ ਕੀਤਾ ਸੀ ਅਤੇ ਆਖਰੀ ਆਰ.ਓ. ਮਿਤੀ 16.05.2009 ਨੂੰ ਚਾਲੂ ਕੀਤਾ ਸੀ। ਇਸੇ ਤਰ੍ਹਾਂ ਮੈਸ: ਫਾਰਚੂਨ ਇਲੈਕਟਰੋ ਇੰਡੀਆ ਵੱਲੋਂ ਪਹਿਲਾਂ ਆਰ.ਓ. ਮਿਤੀ 10.06.2009 ਨੂੰ ਅਤੇ ਆਖਰੀ ਆਰ.ਓ. ਮਿਤੀ 19.12.2011 ਨੂੰ ਚਾਲੂ ਕੀਤਾ ਗਿਆ ਸੀ। ਇਸ ਤਰ੍ਹਾਂ ਨੰਦੀ ਫਾਊਂਡੇਸ਼ਨ ਦੇ 7 ਸਾਲ ਮਿਤੀ 29.02.16 ਤੋਂ 15.05.16 ਦੇ ਸਮੇਂ ਵਿਚਕਾਰ ਅਤੇ ਫਾਰਚੂਨ ਇਲੈਕਟਰੋ ਦੇ 7 ਸਾਲ ਮਿਤੀ 09.06.2016 ਤੋਂ 18.12.2018 ਦੇ ਵਿਚਕਾਰ ਪੂਰੇ ਹੋ ਰਹੇ ਹਨ। ਹੁਣ ਆਰ.ਓਜ਼ ਨੂੰ ਚਾਲੂ ਰੱਖਣ ਲਈ ਦੁਬਾਰਾ ਕਾਰਵਾਈ ਕੀਤੀ ਜਾਣੀ ਹੈ। ਪਰੰਤੂ ਕਿਉਂਕਿ ਵੱਖ-ਵੱਖ ਆਰ.ਓ ਦਾ ਸਮਾਂ ਵੱਖ-ਵੱਖ ਸਮੇਂ ਤੇ ਖਤਮ ਹੋ ਰਿਹਾ ਹੈ। ਇਸ ਲਈ ਸਾਰੇ ਆਰ.ਓ. ਦੇ ਸਮੇਂ ਵਿੱਚ ਇਕਸਾਰਤਾ ਲਿਆਉਣ ਲਈ ਇਹ ਉਚਿਤ ਹੋਵੇਗਾ ਕਿ ਇਹਨਾਂ ਦਾ ਸਮ੍ਹਾਂ ਮਿਤੀ 31.03.2019 ਤੱਕ ਪਹਿਲਾਂ ਵਾਲੀਆਂ ਸ਼ਰਤਾਂ ਤੇ ਹੀ ਵਧਾ ਦਿੱਤਾ ਜਾਵੇ। ਇਸ ਸਬੰਧੀ ਦੋਨਾਂ ਫਰਮਾਂ ਵੱਲੋਂ ਵੀ ਲਿਖ ਕੇ ਦਿੱਤਾ ਹੈ ਕਿ ਉਹ ਪਹਿਲਾਂ ਵਾਲੀਆਂ ਸ਼ਰਤਾਂ ਤੇ ਹੀ ਆਰ.ਓ ਚਲਾਉਣ ਨੂੰ ਤਿਆਰ ਹਨ। ਸੋ ਮਿਤੀ 31.03.2019 ਤੱਕ ਸਾਰੇ ਆਰ.ਓਜ਼ ਦੇ ਰੱਖ-ਰਖਾਵ ਲਈ ਵਾਧੇ ਦਾ ਕੇਸ ਹਾਊਸ ਦੇ ਵਿਚਾਰ ਹਿੱਤ।

**ਮਤਾ ਨੰਬਰ 10: ਪਾਸ ਕੀਤਾ ਗਿਆ ਕਿ ਜਿੰਨ੍ਹਾਂ ਆਰ.ਓਜ਼ ਦਾ ਮਿਤੀ 31.12.2016 ਤੱਕ ਟਾਇਮ ਪੀਰਿਅਡ ਪੂਰਾ ਹੁੰਦਾ ਹੈ, ਉਹਨਾਂ ਆਰ.ਓਜ਼ ਦੀ ਮਿਆਦ ਮਿਤੀ 31.12.2016 ਤੱਕ ਵਧਾਈ ਜਾਂਦੀ ਹੈ।**

**ਏਜੰਡਾ ਨੰ: 11**

ਰਿਪੋਰਟ ਸਟੋਰਕੀਪਰ ਕਿ ਹੇਠ ਲਿਖੇ ਅਨੁਸਾਰ ਫਾਇਰ ਸਟਾਫ ਦੇ ਮੁਲਾਜ਼ਮਾਂ ਨੂੰ ਸਾਲ 2014-2015 ਦੀ ਗਰਮ ਵਰਦੀ ਅਤੇ 2015 ਦੀ ਠੰਡੀ ਵਰਦੀ ਦੇਣੀ ਬਣਦੀ ਹੈ:-

1. ਸ਼੍ਰੀ ਜਸਵਿੰਦਰ ਸਿੰਘ, ਐਸ.ਐਫ.ਓ.
2. ਸ਼੍ਰੀ ਮੱਖਣ ਰਾਮ, ਐਸ.ਐਫ.ਓ.
3. ਸ਼੍ਰੀ ਗੁਰਮੇਲ ਸਿੰਘ, ਐਸ.ਐਫ.ਓ.
4. ਸ਼੍ਰੀ ਗੁਰਿੰਦਰ ਸਿੰਘ, ਐਸ.ਐਫ.ਓ.
5. ਸ਼੍ਰੀ ਸੁਖਵਿੰਦਰ ਸਿੰਘ, ਐਲ.ਐਫ.ਐਮ.
6. ਸ਼੍ਰੀ ਕਰਨੈਲ ਸਿੰਘ, ਐਲ.ਐਫ.ਓ.
7. ਸ਼੍ਰੀ ਬਲਦੇਵ ਸਿੰਘ, ਐਲ.ਐਫ.ਓ.
8. ਸ਼੍ਰੀ ਜਸਕਰਨ ਸਿੰਘ, ਐਲ.ਐਫ.ਓ.
9. ਸ਼੍ਰੀ ਜਸਵੰਤ ਸਿੰਘ, ਐਲ.ਐਫ.ਓ.
10. ਸ਼੍ਰੀ ਦਿਆਲ ਸਿੰਘ, ਐਲ.ਐਫ.ਓ.
11. ਸ਼੍ਰੀ ਪਰਮਜੀਤ ਸਿੰਘ, ਐਲ.ਐਫ.ਓ.
12. ਸ਼੍ਰੀ ਹਰਪਾਲ ਸਿੰਘ, ਫਾਇਰਮੈਨ
13. ਸ਼੍ਰੀ ਅਸ਼ਵਨੀ ਕੁਮਾਰ, ਫਾਇਰਮੈਨ
14. ਸ਼੍ਰੀ ਪ੍ਰਮੋਦ ਕੁਮਾਰ, ਫਾਇਰਮੈਨ
15. ਸ਼੍ਰੀ ਸੁਖਦੇਵ ਸਿੰਘ, ਫਾਇਰਮੈਨ
16. ਸ਼੍ਰੀ ਜੈ ਦਵਿੰਦਰ ਸਿੰਘ, ਡਰਾਈਵਰ

ਫਾਇਰ ਸ਼ਾਖਾ ਵੱਲੋਂ ਪੇਸ਼ ਕੀਤੇ ਸਟੈਡਿੰਗ ਆਰਡਰਾਂ ਮੁਤਾਬਿਕ ਉਕਤ ਕਰਮਚਾਰੀਆਂ/ ਅਧਿਕਾਰੀਆਂ ਨੂੰ ਹਰ ਸਾਲ ਠੰਡੀਆਂ ਵਰਦੀਆਂ ਅਤੇ ਦੋ ਸਾਲ ਬਾਅਦ ਗਰਮ ਵਰਦੀਆਂ ਦੇਣੀਆਂ ਬਣਦੀਆਂ ਹਨ। ਇਸ ਸਬੰਧੀ ਬਣਦੀਆਂ ਠੰਡੀਆਂ ਅਤੇ ਗਰਮ ਵਰਦੀਆਂ ਦੀਆਂ ਆਈਟਮਾਂ, ਵਰਦੀਆਂ ਦੀ ਸਿਲਾਈ, ਬੂਟ ਆਦਿ ਖਰੀਦ ਕਰਨ ਤੇ ਤਕਰੀਬਨ 416690/- ਰੁਪਏ ਖਰਚ ਆਵੇਗਾ। ਫਾਇਰ ਸਟਾਫ ਨੂੰ ਵਰਦੀਆਂ ਦੇਣ ਅਤੇ ਆਉਣ ਵਾਲੇ ਖਰਚੇ ਦੀ ਪ੍ਰਵਾਨਗੀ ਲਈ ਕੇਸ ਹਾਊਸ ਦੇ ਵਿਚਾਰ ਹਿੱਤ।

**ਮਤਾ ਨੰਬਰ 11: ਪ੍ਰਵਾਨ ਹੈ।**

**ਏਜੰਡਾ ਨੰ: 12**

ਰਿਪੋਰਟ ਸਿਹਤ ਸ਼ਾਖਾ ਕਿ ਜਿਲ੍ਹਾ ਐਨੀਮਲ ਵੈਲਫੇਅਰ ਸੋਸਾਇਟੀ, ਬਠਿੰਡਾ ਨੂੰ ਕਾਊ ਸੈਸ ਫੰਡ ਵਿੱਚੋਂ ਮੁਬਲਿਗ 20.00 ਲੱਖ ਰੁਪਏ ਦੀ ਅਦਾਇਗੀ ਕਰਨ ਲਈ ਕੇਸ ਹਾਊਸ ਦੀ ਮੀਟਿੰਗ ਵਿੱਚ ਭੇਜਿਆ ਗਿਆ। ਪਿੰਡ ਹਰਰਾਏਪੁਰ ਜਿਲ੍ਹਾ ਬਠਿੰਡਾ ਵਿਖੇ ਗਊਸ਼ਾਲਾ ਦੀ ਉਸਾਰੀ ਦਾ ਕੰਮ ਚੱਲ ਰਿਹਾ ਹੈ। ਇਸ ਲਈ ਮਾਨਯੋਗ ਡਿਪਟੀ ਕਮਿਸ਼ਨਰ ਵੱਲੋਂ ਕਿਹਾ ਗਿਆ ਹੈ ਕਿ ਇਹ ਉਸਾਰੀ ਦਾ ਕੰਮ ਨਿਰਵਿਘਣ ਚਾਲੂ ਰੱਖਣ ਲਈ 20.00 ਲੱਖ ਰੁਪਏ ਭੇਜੇ ਜਾਣ। ਹਾਊਸ ਤੋਂ ਪ੍ਰਵਾਨਗੀ ਦੀ ਆਸ ਵਿੱਚ ਕਾਊ ਸੈਸ ਵਿੱਚੋਂ 20.00 ਲੱਖ ਰੁਪਏ ਦੀ ਅਦਾਇਗੀ ਕਰਨ ਉਪਰੰਤ ਕੇਸ ਹਾਊਸ ਦੀ ਜਾਣਕਾਰੀ ਹਿੱਤ।

**ਮਤਾ ਨੰਬਰ 12: ਪ੍ਰਵਾਨ ਹੈ।**

**ਕੋਸਲਰ ਸਾਹਿਬਾਨ ਵੱਲੋਂ ਮੰਗ ਕੀਤੀ ਗਈ ਕਿ ਸ਼ਹਿਰ ਵਿੱਚੋਂ ਅਵਾਰਾ ਪਸ਼ੂਆਂ ਨੂੰ ਫੜ੍ਹ ਕੇ ਜਲਦ ਤੋਂ ਜਲਦ ਗਊਸ਼ਾਲਾ ਵਿੱਚ ਭੇਜਣ ਦਾ ਇੰਤਜ਼ਾਮ ਵੀ ਕੀਤਾ ਜਾਵੇ, ਤਾਂ ਜੋ ਲੋਕਾਂ ਦੀਆਂ ਕੀਮਤੀ ਜਾਨਾਂ ਦਾ ਕੋਈ ਨੁਕਸਾਨ ਨਾ ਹੋਵੇ।**

**ਏਜੰਡਾ ਨੰ: 13**

ਰਿਪੋਰਟ ਸਟੋਰਕੀਪਰ ਕਿ ਸਾਲ 2016-17 ਲਈ ਡੈਲਟਾ ਮੈਥਰੀਨ 1.25 ਯੂ.ਐਲ.ਬੀ. ਮੱਛਰ ਮਾਰ ਦਵਾਈ ਦੀ ਖਰੀਦ ਕਰਨ ਬਾਰੇ ਬੇਨਤੀ ਹੈ ਕਿ ਗਰਮੀ ਅਤੇ ਬਰਸਾਤਾਂ ਦੇ ਮੌਸਮ ਦੋਰਾਨ ਸ਼ਹਿਰ ਵਿਖੇ ਮੱਛਰ ਅਤੇ ਕੀੜੇ ਮਕੌੜੇ ਪੈਦਾ ਹੋਣ ਤੋਂ ਰੋਕਣ ਅਤੇ ਇਹਨਾਂ ਤੋਂ ਫੈਲਣ ਵਾਲੀਆ ਬੀਮਾਰੀਆਂ ਡੇਂਗੂ, ਮਲੇਰੀਆ ਆਦਿ ਤੋਂ ਬਚਾਉ ਲਈ ਨਗਰ ਨਿਗਮ ਵੱਲੋਂ ਹਰ ਸਾਲ ਲਗਾਤਾਰ ਮੱਛਰ ਮਾਰ ਦਵਾਈ ਦਾ ਸਪਰੇਅ ਕੀਤਾ ਜਾਂਦਾ ਹੈ। ਸਾਲ 2016-17 ਲਈ ਲਗਭਗ 500 ਲੀਟਰ ਮੱਛਰ ਮਾਰ ਦਵਾਈ ਖਰੀਦ ਕਰਨ ਦੀ ਜਰੂਰਤ ਹੈ ਅਤੇ ਇਸ ਦਵਾਈ ਦੀ ਸਪਲਾਈ ਸਿਹਤ ਸ਼ਾਖਾ ਵੱਲੋਂ ਸਮੇਂ-ਸਮੇਂ ਸਿਰ ਕੀਤੀ ਜਾਣ ਵਾਲੀ ਮੰਗ ਮੁਤਾਬਿਕ ਹੀ ਲਈ ਜਾਵੇਗੀ। ਪਹਿਲਾਂ ਖਰੀਦ ਕੀਤੀ ਜਾਂਦੀ ਫੌਗ ਸਪਰੇਅ ਦਾ ਮਾਰਕੀਟ ਰੇਟ 2215/- ਰੁਪਏ ਪ੍ਰਤੀ ਲੀਟਰ ਹੈ, ਜਿਸ ਮੁਤਾਬਿਕ 500 ਲੀਟਰ ਦਵਾਈ ਖਰੀਦ ਕਰਨ ਤੇ 11,07,500/- ਰੁਪਏ ਆਉਣ ਦੀ ਸੰਭਾਵਨਾਂ ਹੈ। ਸੋ ਦਵਾਈ ਖਰੀਦ ਕਰਨ ਅਤੇ ਆਉਣ ਵਾਲੇ ਖਰਚੇ ਦੀ ਪ੍ਰਸ਼ਾਸਕੀ ਪ੍ਰਵਾਨਗੀ ਦੇਣ ਹਿੱਤ ਕੇਸ ਹਾਊਸ ਦੇ ਵਿਚਾਰ ਹਿੱਤ।

**ਮਤਾ ਨੰਬਰ 13: ਪਾਸ ਕੀਤਾ ਗਿਆ ਕਿ ਦਵਾਈ ਬਹੁਤ ਜਿਆਦਾ ਮਹਿੰਗੀ ਹੋਣ ਕਾਰਨ ਇਸਦੀ ਖਰੀਦ ਅਤੇ ਵਰਤੋਂ ਸਹੀ ਢੰਗ ਨਾਲ ਕਰਨ ਲਈ ਤਿੰਨ ਮੈਂਬਰੀ ਕਮੇਟੀ ਬਣਾਈ ਜਾਵੇ। ਕਮੇਟੀ ਬਨਾਉਣ ਦਾ ਅਧਿਕਾਰ ਮਾਨਯੋਗ ਮੇਅਰ ਸਾਹਿਬ ਨੂੰ ਦਿੱਤਾ ਗਿਆ।**

**ਏਜੰਡਾ ਨੰ: 14**

ਰਿਪੋਰਟ ਵਰਕਸ ਸ਼ਾਖਾ ਕਿ ਸ਼ਹਿਰ ਵਿੱਚ ਜਨਰਲ ਰਿਪੇਅਰ ਲਈ ਇੱਕ ਮੋਬਾਇਲ ਵਰਕਸ਼ਾਪ ਦਾ ਤਖਮੀਨਾ ਮਤਾ ਨੰਬਰ 71 ਮਿਤੀ 14.12.2015 ਰਾਹੀਂ ਮੁਬਲਿਗ 11.36 ਲੱਖ ਰੁਪਏ ਦਾ ਪਾਸ ਕੀਤਾ ਗਿਆ ਸੀ। ਐਫ.ਐਂਡ ਸੀ.ਸੀ. ਦੇ ਮਤਾ ਨੰਬਰ 58 ਮਿਤੀ 17.02.2016 ਰਾਹੀਂ ਇਹ ਫੈਸਲਾ ਕੀਤਾ ਗਿਆ ਸੀ ਕਿ ਸ਼ਹਿਰ ਵੱਡਾ ਹੋਣ ਕਰਕੇ ਇੱਕ ਦੀ ਜਗ੍ਹਾ ਦੋ ਮੋਬਾਇਲ ਵਰਕਸਾਪਾਂ ਚਲਾਈਆਂ ਜਾਣ। ਦੂਸਰੀ ਵਰਕਸ਼ਾਪ ਚਲਾਉਣ ਦਾ ਤਖਮੀਨਾ 7.86 ਲੱਖ ਰੁਪਏ ਦਾ ਤਿਆਰ ਕੀਤਾ ਗਿਆ ਹੈ। ਹਾਊਸ ਦੇ ਵਿਚਾਰ ਹਿੱਤ।

**ਮਤਾ ਨੰਬਰ 14: ਪ੍ਰਵਾਨ ਹੈ।**

**ਏਜੰਡਾ ਨੰ: 15**

ਰਿਪੋਰਟ ੳ.ਐਂਡ ਐਮ. ਸ਼ਾਖਾ ਕਿ ਨਗਰ ਨਿਗਮ ਬਠਿੰਡਾ ਦੇ ਵਾਟਰ ਸਪਲਾਈ ਦੀ ਦੇਖ ਰੇਖ ਦਾ ਕੰਮ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਵੱਲੋਂ ਕੀਤਾ ਜਾਂਦਾ ਹੈ। ਸੀਵਰੇਜ਼ ਬੋਰਡ ਵੱਲੋਂ ਸਾਲ 2016-17 ਲਈ ਵਾਟਰ ਸਪਲਾਈ ਦੀ ਸਾਂਭ-ਸੰਭਾਲ ਦਾ 674.77 ਲੱਖ ਰੁਪਏ ਦਾ ਐਸਟੀਮੇਟ ਭੇਜਿਆ ਹੈ। ਇਸ ਐਸਟੀਮੇਟ ਵਿੱਚ ਤ੍ਰਿਵੇਣੀ ਕੰਪਨੀ ਨੂੰ ਸਾਂਭ-ਸੰਭਾਲ ਲਈ ਕੀਤੀ ਜਾਂਦੀ ਪੈਮੇਂਟ ਤੋਂ ਇਲਾਵਾ ਰੈਗੂਲਰ ਕਰਮਚਾਰੀਆਂ ਦੀ ਤਨਖਾਹ ਅਤੇ ਹੋਰ ਖਪਤ ਹੋਣ ਵਾਲੇ ਸਮਾਨ ਦਾ ਖਰਚਾ ਸ਼ਾਮਲ ਕੀਤਾ ਗਿਆ ਹੈ। ਇਹਨਾਂ ਸਾਰਿਆਂ ਖਰਚਿਆਂ ਉਪਰ 14% ਵਿਭਾਗੀ ਚਾਰਜ਼ ਲਗਾਏ ਗਏ ਹਨ। ਤ੍ਰਿਵੇਣੀ ਕੰਪਨੀ ਨਾਲ ਹੋਏ ੳ.ਐਂਡ ਐਮ. ਦੇ ਐਗਰੀਮੈਂਟ ਦੀ ਕਲਾਜ਼ 32 ਅਨੁਸਾਰ ਰੈਗੂਲਰ ਕਰਮਚਾਰੀਆਂ ਦੀ ਤਨਖਾਹ ਨਗਰ ਨਿਗਮ ਵੱਲੋਂ ਸਿੱਧੇ ਤੋਰ ਤੇ ਦਿੱਤੀ ਜਾਣੀ ਹੈ। ਜੇਕਰ ਰੈਗੂਲਰ ਕਰਮਚਾਰੀਆਂ ਦੀ ਤਨਖਾਹ ਅਤੇ ਹੋਰ ਭੱਤੇ ਜੋ ਕਿ 287.68 ਲੱਖ ਰੁਪਏ ਬਣਦੇ ਹਨ, ਸੀਵਰੇਜ਼ ਬੋਰਡ ਰਾਹੀਂ ਦਿੱਤੇ ਜਾਂਦੇ ਹਨ ਤਾਂ ਇਸ ਉਪਰ 14% ਵਿਭਾਗੀ ਖਰਚੇ ਯਾਨੀ ਕਿ 40.18 ਲੱਖ ਰੁਪਏ ਸੀਵਰੇਜ਼ ਬੋਰਡ ਨੂੰ ਹੋਰ ਦਿਤੇ ਜਾਣੇ ਹਨ। ਇਸ ਬਾਬਤ ਕਮਿਸ਼ਨਰ ਸਾਹਿਬ ਵੱਲੋਂ ਕਾਰਜਕਾਰੀ ਇੰਜੀਨੀਅਰ, ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਨਾਲ ਮੀਟਿੰਗ ਕੀਤੀ ਗਈ। ਮੀਟਿੰਗ ਵਿੱਚ ਕਾਰਜਕਾਰੀ ਇੰਜੀਨੀਅਰ, ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਵੱਲੋਂ ਦਸਿਆ ਗਿਆ ਕਿ ਜੇਕਰ ਨਗਰ ਨਿਗਮ ਵੱਲੋਂ ਸਟਾਫ ਨੂੰ ਤਨਖਾਹ ਸਿੱਧੇ ਤੋਰ ਤੇ ਦਿੱਤੀ ਜਾਂਦੀ ਹੈ ਤਾਂ ਰੈਗੂਲਰ ਸਟਾਫ ਦੀ establishment ਦੇ ਬਾਕੀ ਕੰਮ ਜਿਵੇਂ ਕਿ ਸੀ.ਪੀ.ਐਫ. ਮੈਡੀਕਲ ਕਲੇਮ, ਸਲਾਨਾ ਇੰਨਕਰੀਮੈਂਟ ਆਦਿ ਨਗਰ ਨਿਗਮ ਵੱਲੋਂ ਹੀ ਕੀਤੇ ਜਾਣਗੇ। ਅਜਿਹਾ ਕਰਨ ਨਾਲ ਨਗਰ ਨਿਗਮ ਨੂੰ 40.18 ਲੱਖ ਰੁਪਏ ਸਲਾਨਾ ਦੀ ਬਚਤ ਹੋਵੇਗੀ। ਇਸ ਲਈ ਉਕਤ ਤਜਵੀਜ ਅਨੁਸਾਰ ਸੀਵਰੇਜ਼ ਬੋਰਡ ਦੀ ਕਰਮਚਾਰੀਆਂ ਦੀ establishment ਨਗਰ ਨਿਗਮ ਵੱਲੋਂ ਟੇਕ ਓਵਰ ਕਰਨ ਲਈ ਵਿਚਾਰ ਕਰਨ ਅਤੇ ਪ੍ਰਾਪਤ ਐਸਟੀਮੇਟ ਵਿੱਚ 40.18 ਲੱਖ ਰੁਪਏ ਵਿਭਾਗੀ ਚਾਰਜ਼ ਨੂੰ ਛੱਡ ਕੇ ਬਾਕੀ ਦਾ ਮੁਬਲਿਗ 634.59 ਲੱਖ ਰੁਪਏ ਦਾ ਐਸਟੀਮੇਟ ਹਾਊਸ ਦੇ ਵਿਚਾਰ ਹਿੱਤ।

**ਮਤਾ ਨੰਬਰ 15: ਪ੍ਰਵਾਨ ਹੈ।**

**ਏਜੰਡਾ ਨੰ: 16**

ਰਿਪੋਰਟ ੳ.ਐਂਡ ਐਮ. ਸ਼ਾਖਾ ਕਿ ਨਗਰ ਨਿਗਮ ਬਠਿੰਡਾ ਦੇ ਵਾਟਰ ਸਪਲਾਈ ਦੀ ਦੇਖ ਰੇਖ ਦਾ ਕੰਮ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਵੱਲੋਂ ਕੀਤਾ ਜਾਂਦਾ ਹੈ। ਸੀਵਰੇਜ਼ ਬੋਰਡ ਵੱਲੋਂ ਸਾਲ 2016-17 ਲਈ ਸੀਵਰੇਜ਼ ਦੀ ਸਾਂਭ-ਸੰਭਾਲ ਦਾ 996.72 ਲੱਖ ਰੁਪਏ ਦਾ ਐਸਟੀਮੇਟ ਭੇਜਿਆ ਹੈ। ਇਸ ਐਸਟੀਮੇਟ ਵਿੱਚ ਤ੍ਰਿਵੇਣੀ ਕੰਪਨੀ ਨੂੰ ਸਾਂਭ-ਸੰਭਾਲ ਲਈ ਕੀਤੀ ਜਾਂਦੀ ਪੈਮੇਂਟ ਤੋਂ ਇਲਾਵਾ ਰੈਗੂਲਰ ਕਰਮਚਾਰੀਆਂ ਦੀ ਤਨਖਾਹ ਅਤੇ ਹੋਰ ਖਪਤ ਹੋਣ ਵਾਲੇ ਸਮਾਨ ਦਾ ਖਰਚਾ ਸ਼ਾਮਲ ਕੀਤਾ ਗਿਆ ਹੈ। ਇਹਨਾਂ ਸਾਰਿਆਂ ਖਰਚਿਆਂ ਉਪਰ 14% ਵਿਭਾਗੀ ਚਾਰਜ਼ ਲਗਾਏ ਗਏ ਹਨ। ਤ੍ਰਿਵੇਣੀ ਕੰਪਨੀ ਨਾਲ ਹੋਏ ੳ.ਐਂਡ ਐਮ. ਦੇ ਐਗਰੀਮੈਂਟ ਦੀ ਕਲਾਜ਼ 32 ਅਨੁਸਾਰ ਰੈਗੂਲਰ ਕਰਮਚਾਰੀਆਂ ਦੀ ਤਨਖਾਹ ਨਗਰ ਨਿਗਮ ਵੱਲੋਂ ਸਿੱਧੇ ਤੋਰ ਤੇ ਦਿੱਤੀ ਜਾਣੀ ਹੈ। ਜੇਕਰ ਰੈਗੂਲਰ ਕਰਮਚਾਰੀਆਂ ਦੀ ਤਨਖਾਹ ਅਤੇ ਹੋਰ ਭੱਤੇ ਜੋ ਕਿ 609.03 ਲੱਖ ਰੁਪਏ ਬਣਦੇ ਹਨ, ਸੀਵਰੇਜ਼ ਬੋਰਡ ਰਾਹੀਂ ਦਿੱਤੇ ਜਾਂਦੇ ਹਨ ਤਾਂ ਇਸ ਉਪਰ 14% ਵਿਭਾਗੀ ਖਰਚੇ ਯਾਨੀ ਕਿ 85.26 ਲੱਖ ਰੁਪਏ ਸੀਵਰੇਜ਼ ਬੋਰਡ ਨੂੰ ਹੋਰ ਦਿਤੇ ਜਾਣੇ ਹਨ। ਇਸ ਬਾਬਤ ਕਮਿਸ਼ਨਰ ਸਾਹਿਬ ਵੱਲੋਂ ਕਾਰਜਕਾਰੀ ਇੰਜੀਨੀਅਰ, ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਨਾਲ ਮੀਟਿੰਗ ਕੀਤੀ ਗਈ। ਮੀਟਿੰਗ ਵਿੱਚ ਕਾਰਜਕਾਰੀ ਇੰਜੀਨੀਅਰ, ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਵੱਲੋਂ ਦਸਿਆ ਗਿਆ ਕਿ ਜੇਕਰ ਨਗਰ ਨਿਗਮ ਵੱਲੋਂ ਸਟਾਫ ਨੂੰ ਤਨਖਾਹ ਸਿੱਧੇ ਤੋਰ ਤੇ ਦਿੱਤੀ ਜਾਂਦੀ ਹੈ ਤਾਂ ਰੈਗੂਲਰ ਸਟਾਫ ਦੀ establishment ਦੇ ਬਾਕੀ ਕੰਮ ਜਿਵੇਂ ਕਿ ਸੀ.ਪੀ.ਐਫ. ਮੈਡੀਕਲ ਕਲੇਮ, ਸਲਾਨਾ ਇੰਨਕਰੀਮੈਂਟ ਆਦਿ ਨਗਰ ਨਿਗਮ ਵੱਲੋਂ ਹੀ ਕੀਤੇ ਜਾਣਗੇ। ਇਸ ਤਰ੍ਹਾਂ ਸੀੜਰੇਜ਼ ਬੋਰਡ ਦੇ ਰੈਗੂਲਰ ਕਰਮਚਾਰੀਆਂ ਦੀ establishment ਲਈ ਦੋ ਕਰਮਚਾਰੀਆਂ ਦੀ ਜਰੂਰਤ ਹੋਵੇਗੀ। ਨਗਰ ਨਿਗਮ ਵਿੱਚ ਸਟਾਫ ਦੀ ਘਾਟ ਹੋਣ ਕਾਰਨ ਇਸ ਕੰਮ ਲਈ ਦੋ ਕਰਮਚਾਰੀ ਆਉਟਸੋਰਸ ਰਾਹੀਂ ਭਰਤੀ ਕਰਨੇ ਪੈਣਗੇ। ਇਹਨਾਂ ਕਰਮਚਾਰੀਆ ਦੀ ਤਨਖਾਹ ਤੇ 5-6 ਲੱਖ ਰੁਪਏ ਪ੍ਰਤੀ ਸਾਲ ਖਰਚ ਆਉਣ ਦੀ ਸੰਭਾਵਨਾਂ ਹੈ। ਇਸਦੇ ਬਾਵਜੂਦ ਵੀ ਨਗਰ ਨਿਗਮ ਨੂੰ 80.00 ਲੱਖ ਰੁਪਏ ਪ੍ਰਤੀ ਸਾਲ ਦੀ ਬਚਤ ਹੋਵੇਗੀ। ਇਸ ਲਈ ਉਕਤ ਤਜਵੀਜ ਅਨੁਸਾਰ ਸੀਵਰੇਜ਼ ਬੋਰਡ ਦੀ ਕਰਮਚਾਰੀਆਂ ਦੀ establishment ਨਗਰ ਨਿਗਮ ਵੱਲੋਂ ਟੇਕ

ਓਵਰ ਕਰਨ ਲਈ ਵਿਚਾਰ ਕਰਨ ਅਤੇ ਪ੍ਰਾਪਤ ਐਸਟੀਮੇਟ ਵਿੱਚ 85.26 ਲੱਖ ਰੁਪਏ ਵਿਭਾਗੀ ਚਾਰਜ਼ ਨੂੰ ਛੱਡ ਕੇ ਬਾਕੀ ਦਾ ਮੁਬਲਿਗ 911.46 ਲੱਖ ਰੁਪਏ ਦਾ ਐਸਟੀਮੇਟ ਹਾਊਸ ਦੇ ਵਿਚਾਰ ਹਿੱਤ।

**ਮਤਾ ਨੰਬਰ 16: ਪ੍ਰਵਾਨ ਹੈ।**

<u>**ਏਜੰਡਾ ਨੰ:** 17</u>

ਰਿਪੋਰਟ ਸਿਹਤ ਸ਼ਾਖਾ ਕਿ ਸਫਾਈ ਸੇਵਕ ਯੂਨੀਅਨ ਵੱਲੋਂ ਪੱਤਰ ਨੰ: ਐਮ.ਐਸ.ਯੂ/1010 ਮਿਤੀ 04.05.2016 ਅਤੇ ਦਫਤਰੀ ਪੱਤਰ ਨੰਬਰ 2053 ਮਿਤੀ 05.05.2016 ਰਾਹੀਂ ਮੰਗ ਕੀਤੀ ਗਈ ਹੈ ਕਿ ਸ਼ਹਿਰ ਨੂੰ ਸਾਫ ਰੱਖਣ ਲਈ ਸਫਾਈ ਮੇਟਾਂ ਅਤੇ ਐਕਟਿੰਗ ਮੇਟਾਂ ਵੱਲੋਂ ਆਪਣੇ ਖਰਚੇ ਤੇ ਬੀਟਾਂ ਦੀ ਚੈਕਿੰਗ ਕੀਤੀ ਜਾਂਦੀ ਹੈ। ਕਰਮਚਾਰੀਆਂ ਨੂੰ ਨਗਰ ਨਿਗਮ ਵੱਲੋਂ ਕੋਈ ਪੈਟਰੋਲ ਖਰਚਾ ਨਹੀਂ ਦਿੱਤਾ ਜਾਂਦਾ ਹੈ, ਜਦਕਿ ਸੁਪਰਵਾਈਜ਼ਰੀ ਸਟਾਫ ਨੂੰ ਤੇਲ ਆਦਿ ਦਾ ਖਰਚਾ ਦਿੱਤਾ ਜਾਂਦਾ ਹੈ। ਇਸ ਲਈ ਸਫਾਈ ਸੇਵਕ ਯੂਨੀਅਨ ਦੀ ਮੰਗ ਅਨੁਸਾਰ ਸੈਨਟਰੀ ਮੇਟਾਂ ਅਤੇ ਐਕਟਿੰਗ ਮੇਟਾਂ ਨੂੰ 1000/- ਰੁਪਏ ਪੈਟਰੋਲ ਖਰਚਾ ਦੇਣ ਲਈ ਕੇਸ ਹਾਊਸ ਦੇ ਵਿਚਾਰ ਹਿੱਤ।

**ਮਤਾ ਨੰਬਰ 17: ਪ੍ਰਵਾਨ ਹੈ।**

<u>**ਏਜੰਡਾ ਨੰ:** 18</u>

ਰਿਪੋਰਟ ਵਰਕਸ ਸਾਖਾ ਕਿ ਵਾਇਡਨਿੰਗ ਆਫ 3.05 ਮੀਟਰ ਤੋਂ 5.50 ਮੀਟਰ ਵਾਈਡ ਲਿੰਕ ਰੋਡ ਬਹਿਮਣ ਦੀਵਾਨਾ ਤੋਂ ਪਰਸ ਰਾਮ ਨਗਰ ਬਠਿੰਡਾ (ਆਰ.ਡੀ. 4.30 ਤੋਂ 6.30 = 2.00 ਕਿ.ਮੀ.) (ਸੈਕਸ਼ਨ ਬਠਿੰਡਾ ਮਲੋਟ ਰੋਡ - ਬਠਿੰਡਾ ਘੁੱਦਾ ਰਿੰਗ ਰੋਡ ਤੋਂ ਸਰਹਿੰਦ ਕੈਨਾਲ ਬ੍ਰਿਜ਼ ਬਾਬਤ ਰਕਮ 32.14 ਲੱਖ ਰੁਪਏ) ਅਧੀਨ ਸੜ੍ਹਕ ਲਾਈਨੋ ਪਾਰ ਇਲਾਕੇ ਨੂੰ ਰਿੰਗ ਰੋਡ ਨਾਲ ਜੋੜ੍ਹਦੀ ਹੈ। ਇਸ ਰੋਡ ਦੀ ਚੋੜ੍ਹਾਈ 10 ਫੁੱਟ ਹੈ। ਇੱਥੇ ਟ੍ਰੈਫਿਕ ਕਾਫੀ ਹੋਣ ਕਾਰਨ ਇਸਦੀ ਚੋੜ੍ਹਾਈ ਵਧਾਉਣਾ ਬਹੁਤ ਜਰੂਰੀ ਹੈ। ਮਾਨਯੋਗ ਮੁੱਖ ਸੰਸਦੀ ਸਕੱਤਰ, ਸ੍ਰੀ ਸਰੂਪ ਚੰਦ ਸਿੰਗਲਾ ਜੀ ਦੇ ਨਿਰਦੇਸ਼ ਤੇ ਪੀ.ਡਬਲਿਊ.ਡੀ. (ਬੀ.ਐਂਡ.ਆਰ) ਵੱਲੋਂ ਸੜ੍ਹਕ ਨੂੰ 10 ਫੁੱਟ ਤੋਂ 18 ਫੁੱਟ ਚੋੜ੍ਹਾ ਕਰਨ ਦਾ ਤਖਮੀਨਾ 32.14 ਲੱਖ ਰੁਪਏ ਦਾ ਤਿਆਰ ਕੀਤਾ ਗਿਆ ਹੈ ਜੋ ਕਿ ਉਹਨਾਂ ਵੱਲੋਂ ਪੱਤਰ ਨੰਬਰ 2058 ਮਿਤੀ 19.05.2016 ਰਾਹੀਂ ਨਗਰ ਨਿਗਮ ਨੂੰ ਫੰਡਾਂ ਦਾ ਪ੍ਰਬੰਧ ਕਰਨ ਲਈ ਭੇਜਿਆ ਗਿਆ ਹੈ।

ਇਹ ਰੋਡ ਪੀ.ਡਬਲਿਊ.ਡੀ. (ਬੀ.ਐਂਡ ਆਰ) ਨਾਲ ਸਬੰਧ ਰਖਦੀ ਹੈ। ਇਸ ਲਈ ਇਸ ਰੋਡ ਨੂੰ ਸਰਕਾਰ ਪਾਸੋਂ ਪੰਜਾਬ ਮਿਉਂਸਪਲ ਐਕਟ 1976 ਦੀ ਧਾਰਾ 82(3) ਤਹਿਤ ਪ੍ਰਵਾਨਗੀ ਲੈ ਕੇ ਹੀ ਬਣਾਇਆ ਜਾ ਸਕਦਾ ਹੈ। ਪਬਲਿਕ ਦੀ ਸਹੂਲਤ ਨੂੰ ਮੁੱਖ ਰਖਦੇ ਹੋਏ ਕੇਸ ਹਾਊਸ ਦੇ ਵਿਚਾਰ ਹਿੱਤ।

**ਮਤਾ ਨੰਬਰ 18: ਪ੍ਰਵਾਨ ਹੈ।**

<u>**ਏਜੰਡਾ ਨੰ:** 19</u>

ਰਿਪੋਰਟ ਵਰਕਸ ਸ਼ਾਖਾ ਕਿ ਬਠਿੰਡਾ ਸ਼ਹਿਰ ਵਿੱਚ ਵੱਖ-ਵੱਖ ਸਮੇਂ ਤੇ ਵੱਖ-ਵੱਖ ਮੁੱਹਲਿਆਂ ਵਿੱਚੋਂ ਆਮ ਜਨਤਾ ਵੱਲੋਂ ਉਹਨਾਂ ਦੇ ਇਲਾਕੇ ਵਿੱਚ ਸਥਿਤ ਸੈਕੰਡਰੀ ਕੁਲੈਕਸ਼ਨ ਪੁਆਇੰਟ ਚੁੱਕਣ ਲਈ ਮੰਗ ਕੀਤੀ ਜਾਂਦੀ ਹੈ। ਇਸ ਬਾਰੇ ਕਈ ਵਾਰ ਮੁਜਾਹਰੇ ਵੀ ਕੀਤੇ ਗਏ ਹਨ।

ਇਸਤੋਂ ਇਲਾਵਾ ਸਵੱਛ ਭਾਰਤ ਮਿਸ਼ਨ ਤਹਿਤ ਵੀ ਸ਼ਹਿਰਾਂ ਨੂੰ ਸੁੰਦਰ ਬਨਾਉਣ ਲਈ ਸੈਕੰਡਰੀ ਕੁਲੈਕਸ਼ਨ ਪੁਆਇੰਟ ਖਤਮ ਕਰਨ ਦੀ ਤਜਵੀਜ ਹੈ। ਇਸ ਬਾਰੇ M/s. JITF Urban Waste Management Bathinda Ltd. ਨਾਲ ਡਿਸਕਸ ਕੀਤਾ ਗਿਆ ਸੀ। ਉਹਨਾਂ ਪਾਸੋਂ ਇਸ ਬਾਬਤ ਤਜਵੀਜ ਪ੍ਰਾਪਤ ਹੋਈ ਹੈ, ਜਿਸ ਮੁਤਾਬਿਕ ਸ਼ਹਿਰ ਵਿੱਚੋਂ ਸਾਰੇ ਸੈਕੰਡਰੀ ਪੁਆਇੰਟ ਖਤਮ ਕੀਤੇ ਜਾਣਗੇ ਅਤੇ 4-5 ਲੋਕਲ ਟਰਾਂਸਫਰ ਸਟੇਸ਼ਨਜ਼, ਜੋ ਕਿ ਚਾਰਦੀਵਾਰੀ ਵਿੱਚ ਹੋਣਗੇ, ਲਗਾਏ ਜਾਣਗੇ। ਉਥੇ ਮੁੱਹਲਿਆਂ ਵਿੱਚੋਂ TATA ACE, Maximo ਗੱਡੀਆਂ ਵਿੱਚ ਇੱਕਠਾ ਕੀਤਾ ਕੂੜਾ ਵੱਡੇ ਕੰਪੈਕਟਰਾਂ ਰਾਹੀਂ ਖਾਲੀ ਕੀਤਾ ਜਾਵੇਗਾ। ਉੱਥੋਂ ਇਹ ਕੂੜਾ ਇੰਨ੍ਹਾਂ ਕੰਪੈਕਟਰਾਂ ਰਾਹੀਂ ਪ੍ਰੋਸੈਸਿੰਗ ਪਲਾਂਟ ਤੇ ਲਿਆ ਜਾਵੇਗਾ।

ਇਹ ਸੱਭ ਕਰਨ ਲਈ ਕੰਪਨੀ ਵੱਲੋਂ ਰਿਕਸ਼ੇ ਹਟਾ ਕੇ Mechanised System ਲਗਾਇਆ ਜਾਣਾ ਹੈ। ਇਸਤੇ ਕੰਪਨੀ ਦਾ ਪਹਿਲਾਂ ਨਾਲੋਂ ਵਾਧੂ ਖਰਚਾ ਕਰਨਾ ਪਵੇਗਾ। ਇਸ ਲਈ ਕੰਪਨੀ ਵੱਲੋਂ ਵਾਧੂ 302.50 ਰੁਪਏ ਪ੍ਰਤੀ ਮੀ: ਟਨ ਚਾਰਜ਼ ਕੀਤੇ ਜਾਣਗੇ। ਕੰਪਨੀ ਦੀ Presentation ਦੇਖਣ ਉਪਰੰਤ ਉਕਤ ਤਜਵੀਜ਼ ਹਾਊਸ ਦੇ ਵਿਚਾਰ ਹਿੱਤ।

**ਮਤਾ ਨੰਬਰ 19: ਪਾਸ ਕੀਤਾ ਗਿਆ ਕਿ ਇਸ ਤਜਵੀਜ ਤੇ ਵਿਚਾਰ ਕਰਨ ਹਿੱਤ ਤਿੰਨ ਮੈਂਬਰੀ ਕਮੇਟੀ ਬਣਾਈ ਜਾਵੇ। ਕਮੇਟੀ ਬਨਾਉਣ ਦੇ ਅਧਿਕਾਰ ਮਾਨਯੋਗ ਮੇਅਰ ਸਾਹਿਬ ਜੀ ਨੂੰ ਦਿੱਤੇ ਜਾਂਦੇ ਹਨ।**

<u>**ਏਜੰਡਾ ਨੰ:** 20</u>

ਰਿਪੋਰਟ ਵਰਕਸ ਸ਼ਾਖਾ ਕਿ ਅਰਬਨ ਮਿਸ਼ਨ ਦੇ ਤਹਿਤ ਸ਼ਹਿਰ ਵਿੱਚ ਡਿਵੈਲਪਮੈਂਟ ਆਫ ਇੰਨਫਰਾਸਟਰੱਕਚਰ ਆਫ ਜ਼ੋਨ ਨੰਬਰ 1,2,7,8 ਅਤੇ 3,4,5,6 ਬਠਿੰਡਾ ਵਿੱਚ ਵਿਕਾਸ ਦੇ ਕੰਮ ਕਰਵਾਏ ਜਾ ਰਹੇ ਹਨ। ਇਹਨਾਂ ਕੰਮਾਂ ਵਿੱਚ ਕੁੱਝ ਕੰਮ ਪੁਰਾਣੀਆਂ ਗਲੀਆਂ ਨੂੰ ਪੁੱਟ ਕੇ ਦੋਬਾਰਾ ਕੀਤੇ ਜਾਣੇ ਹਨ। ਜਿੰਨ੍ਹਾਂ ਵਿੱਚ ਇੱਟਾਂ ਦੇ

ਫਰਸ਼ ਵਾਲੀਆਂ ਗਲੀਆਂ ਅਤੇ ਇੰਟਰਲਾਕਿੰਗ ਟਾਈਲਜ਼ ਵਾਲੀਆਂ ਗਲੀਆਂ ਜੋ ਕਾਫੀ ਸਮਾਂ ਪਹਿਲਾਂ ਬਣਾਈਆਂ ਗਈਆਂ ਸਨ, ਦੀ ਮੁੱੜ੍ਹ ਉਸਾਰੀ ਕੀਤੀ ਜਾਣੀ ਹੈ। ਇਹਨਾਂ ਵਿੱਚ ਸਮੇਂ-ਸਮੇਂ ਸਿਰ ਵ/ਸ ਲੀਕੇਜ਼, ਸੀਵਰ ਦਾ ਬੰਦ ਹੋਣਾ, ਵਾਟਰ ਸਪਲਾਈ ਅਤੇ ਸੀਵਰੇਜ਼ ਦੇ ਕੁਨੈਕਸ਼ਨ ਪਬਲਿਕ ਵੱਲੋਂ ਲੈਣ ਨਾਲ ਅਤੇ ਕਾਫੀ ਸਮਾਂ ਬੀਤ ਜਾਣ ਨਾਲ ਸਥਿਤੀ ਖਰਾਬ ਹੈ ਅਤੇ ਇਹਨਾਂ ਗਲੀਆਂ ਵਿੱਚੋਂ ਨਾਲੀਆਂ ਨੂੰ ਖਤਮ ਕੀਤੇ ਜਾਣ ਦੇ ਉਦੇਸ਼ ਨਾਲ ਰੋਡ ਗੁਲੀਆਂ ਵੀ ਬਣਾਈਆਂ ਜਾਣੀਆਂ ਹਨ, ਇਹਨਾਂ ਕੰਮਾਂ ਤਹਿਤ ਕੁੱਝ ਗਲੀਆਂ ਵਿੱਚੋਂ ਵਰਤੋਂ ਯੋਗ ਇੱਟਾਂ, ਟਾਈਲਾਂ ਨਿਕਲਦੀਆਂ ਹਨ, ਜਿੰਨ੍ਹਾ ਦੀ ਮੁੱੜ੍ਹ ਵਰਤੋਂ ਅਜਿਹੀਆਂ ਥਾਂਵਾਂ ਤੇ ਕੀਤੀ ਜਾ ਸਕਦੀ ਹੈ, ਜਿੱਥੇ ਜਿਆਦਾ ਟ੍ਰੈਫਿਕ ਆਦਿ ਜਾਂ ਪਬਲਿਕ ਦਾ ਬਹੁਤ ਆਉਣਾ ਜਾਣਾ ਨਾ ਹੋਵੇ। ਇਸ ਲਈ ਇਹ ਬੇਹਤਰ ਹੋਵੇਗਾ ਕਿ ਵਰਤੋਂ ਯੋਗ ਇੱਟਾਂ/ ਟਾਈਲਾਂ ਨੂੰ ਅਜਿਹੇ ਰੋਡ ਬਰਮਾਂ ਜਾਂ ਹੋਰ ਥਾਂਵਾਂ ਢੁੱਕਵੀਆਂ ਥਾਂਵਾਂ ਤੇ ਜਿੱਥੇ ਆਬਾਦੀ ਘੱਟ ਹੋਵੇ, ਵਰਤਿਆ ਜਾਵੇ। ਇਹਨਾਂ ਵਰਤੋਂ ਯੋਗ ਇੱਟਾਂ/ ਟਾਈਲਾਂ ਨੂੰ ਦੋਬਾਰਾ ਲਗਾਉਣ ਲਈ ਲੇਬਰ ਦੀ ਜਰੂਰਤ ਪਵੇਗੀ। ਇਸ ਲਈ ਨਵੀਂ ਥਾਂ ਤੇ ਟਾਈਲਾਂ/ਇੱਟਾਂ ਲਗਾਏ ਜਾਣ ਵਾਲਾ ਕੰਮ ਅਰਬਨ ਮਿਸ਼ਨ ਤਹਿਤ ਕਰਵਾਏ ਜਾਂ ਕੰਮਾਂ ਦੇ ਰੇਟਾਂ ਤੇ ਉਸੇ ਐਗਰਮੈਂਟ ਤਹਿਤ ਕਰਵਾਉਣ ਦੀ ਪ੍ਰਵਾਨਗੀ ਦਿੱਤੇ ਜਾਣ ਅਤੇ ਇਸਤੇ ਜੋ ਖਰਚ ਆਵੇਗਾ, ਉਹ ਨਗਰ ਨਿਗਮ ਦੇ ਫੰਡਜ਼ ਵਿੱਚੋਂ ਕੀਤੇ ਜਾਣ ਦੀ ਪ੍ਰਵਾਨਗੀ ਲਈ ਕੇਸ ਹਾਊਸ ਦੇ ਵਿਚਾਰ ਹਿੱਤ।

**ਮਤਾ ਨੰਬਰ 20: ਪ੍ਰਵਾਨ ਹੈ।**

**ਏਜੰਡਾ ਨੰ: 21**

ਰਿਪੋਰਟ ਬਿਲਡਿੰਗ ਸ਼ਾਖਾ ਕਿ ਟੀ.ਪੀ. ਸਕੀਮ ਨੰਬਰ 15 ਖਸਰਾ ਨੰਬਰ 4929 ਦੇ ਮਾਲਕ ਦੀ ਕੁੱਲ 36034 ਵ: ਗੱਜ਼ ਜਗ੍ਹਾ ਟੀ.ਪੀ. ਸਕੀਮ ਨੰਬਰ 15 ਵਿੱਚ ਪੈਂਦੀ ਹੈ। ਇਸ ਸਕੀਮ ਨੂੰ ਪਲਾਨ ਕਰਦੇ ਸਮੇਂ ਮਾਲਕ ਦੀ 33723 ਵ: ਗੱਜ਼ ਜਗ੍ਹਾ ਪਲਾਨ ਕੀਤੀ ਗਈ ਸੀ, ਜਿਸ ਵਿੱਚੋਂ 11765 ਵ: ਗੱਜ਼ (34.92%) ਜਗ੍ਹਾ ਪਬਲਿਕ ਪਰਪਜ਼ ਲਈ ਛੱਡਣੀ ਤਜਵੀਜ ਕੀਤੀ ਸੀ। ਹੁਣ ਮਾਲਕ ਵੱਲੋਂ ਕਿਹਾ ਜਾ ਰਿਹਾ ਹੈ ਕਿ ਜਾਂ ਤਾਂ ਉਸਨੂੰ ਵੱਧ ਲਈ ਜਗ੍ਹਾ ਦਾ ਮੁਆਵਜਾ ਦਿੱਤਾ ਜਾਵੇ ਜਾਂ ਫਿਰ ਉਸਦੀ 25% ਜਗ੍ਹਾ ਪਬਲਿਕ ਪਰਪਜ਼ ਲਈ ਲੈ ਕੇ ਬਾਕੀ ਜਗ੍ਹਾ ਛੱਡ ਦਿੱਤੀ ਜਾਵੇ। ਇੱਥੇ ਇਹ ਦਸਣਾ ਯੋਗ ਹੋਵੇਗਾ ਕਿ ਪਹਿਲਾਂ ਇਹ ਸੜ੍ਹਕ ਟੀ.ਪੀ. ਸਕੀਮ ਨੰਬਰ 1 ਪਾਰਟ 3 ਵਿੱਚ ਤਜਵੀਜਤ 100 ਫੁੱਟ ਸੜ੍ਹਕ ਨੂੰ ਮਿਲਾਉਣ ਲਈ ਤਜਵੀਜਤ ਕੀਤੀ ਗਈ ਸੀ,ਪਰੰਤੂ ਕਿਉਂ ਜੋ ਆਰ.ਓ.ਬੀ. ਇਸ ਜਗ੍ਹਾ ਤੋਂ ਹੱਟ ਕੇ ਪਹਿਲਾਂ ਹੀ ਸਟੇਸ਼ਨ ਵੱਲ ਨੂੰ ਬਣ ਚੁੱਕਾ ਹੈ। ਇਸ ਲਈ ਗੁਰੂਕੁੱਲ ਰੋਡ ਅਤੇ ਰੇਲਵੇ ਲਾਈਨਾਂ ਦੇ ਵਿਚਕਾਰ ਟੀ.ਪੀ. ਸਕੀਮ ਨੰਬਰ 15 ਦੇ ਵਿੱਚ ਤਜਵੀਜਤ 100 ਫੁੱਟ ਰੋਡ ਦੀ ਕੋਈ ਖਾਸ ਅਹਿਮੀਅਤ ਨਹੀਂ ਰਹਿ ਜਾਂਦੀ। ਜੇਕਰ ਇਹ ਸੜ੍ਹਕ ਡਰਾਪ ਕੀਤੀ ਜਾਂਦੀ ਹੈ ਤਾਂ ਖਸਰਾ ਨੰਬਰ 4929 ਦੇ ਮਾਲਕ ਦੀ ਪਬਲਿਕ ਪਰਪਜ਼ ਲਈ ਵਰਤੀ ਜਾਣ ਵਾਲੀ ਜਗ੍ਹਾ 34.92% ਤੋਂ ਘੱਟ ਕੇ ਲਗਭਗ 25% ਰਹਿ ਜਾਵੇਗੀ। ਇਸ ਲਈ ਗੁਰੂਕੁੱਲ ਰੋਡ ਅਤੇ ਰੇਲਵੇ ਲਾਈਨ ਵਿਚਕਾਰ ਪੈਂਦੀ 100 ਫੁੱਟ ਰੋਡ ਡਰਾਪ ਕਰਨ ਅਤੇ ਟੀ.ਪੀ. ਸਕੀਮ ਇਸ ਅਨੁਸਾਰ ਸੋਧ ਕਰਨ ਲਈ ਤਜਵੀਜ ਹਾਊਸ ਦੇ ਵਿਚਾਰ ਹਿੱਤ।

**ਮਤਾ ਨੰਬਰ 21: ਪਾਸ ਕੀਤਾ ਗਿਆ ਕਿ ਇਸ ਸਬੰਧੀ ਯੋਗ ਫੈਸਲਾ ਲੈਣ ਖਾਤਰ ਪੰਜ ਮੈਂਬਰੀ ਕਮੇਟੀ ਬਣਾਈ ਜਾਵੇ। ਕਮੇਟੀ ਬਨਾਉਣ ਦਾ ਅਧਿਕਾਰ ਮਾਨਯੋਗ ਮੇਅਰ ਸਾਹਿਬ ਨੂੰ ਦਿੱਤਾ ਗਿਆ।**

**ਏਜੰਡਾ ਨੰ: 22**

ਦਫਤਰੀ ਰਿਪੋਰਟ ਕਿ ਪ੍ਰਧਾਨ ਵਾਲਮੀਕਿ ਸਭਾ (ਰਜਿ:) ਅਤੇ ਸਮੂਹ ਵਾਲਮੀਕਿ ਸਮਾਜ ਵੱਲੋਂ ਦਰਖਾਸਤ ਰਾਹੀਂ ਬੇਨਤੀ ਕੀਤੀ ਹੈ ਕਿ ਪਟਿਆਲਾ ਫਾਟਕ ਦੇ ਨੇੜੇ 80' ਸੜ੍ਹਕ ਤੇ ਦਰਸ਼ਨੀ ਗੇਟ ਬਣਾਇਆ ਜਾਵੇ। ਇਸ ਸੜ੍ਹਕ ਅਤੇ ਦਰਸ਼ਨੀ ਗੇਟ ਦਾ ਨਾਮ ਸੰਤ ਸ੍ਰੀ ਨਵਲ ਮਹਾਰਾਜ ਦੇ ਨਾਮ ਰੱਖਿਆ ਜਾਵੇ।

ਉਕਤ ਦੇ ਸਬੰਧ ਵਿੱਚ ਸਥਾਨਕ ਸਰਕਾਰ ਦੇ ਪੱਤਰ ਨੰਬਰ 5/63/2013-4ਸਸ3/156760/1-3 ਮਿਤੀ 3 ਫਰਵਰੀ 2014 ਨਿਗਮ ਵੱਲੋਂ ਕਿਸੇ ਵੀ ਜਨਤਕ ਥਾਂ ਬਿਲਡਿੰਗ ਦਾ ਨਾਮ ਹੇਠ ਲਿਖੀਆਂ ਕੈਟੇਗਰੀਆਂ ਵਿੱਚੋਂ ਹੀ ਰੱਖਿਆ ਜਾ ਸਕੇਗਾ:-

(ੳ) ਅੰਤਰ-ਰਾਸ਼ਟਰੀ ਜਾਂ ਰਾਸ਼ਟਰੀ ਪੱਧਰ ਤੇ ਕੋਈ ਮੈਡਲ/ਅਵਾਰਡ ਪ੍ਰਾਪਤ ਵਿਅਕਤੀ।

: ਅੰਤਰ-ਰਾਸ਼ਟਰੀ ਜਾਂ ਰਾਸ਼ਟਰ ਪੱਧਰ ਤੇ ਕੋਈ ਮਾਨਤਾ (Recognition) ਪ੍ਰਾਪਤ ਵਿਅਕਤੀ।

: ਗਲੰਟਰੀ ਅਵਾਰਡ ਪ੍ਰਾਪਤ ਵਿਅਕਤੀ

: ਅਜਿਹੇ ਸੁਤੰਤਰਤਾ ਸੰਗਰਾਮੀ, ਜਿੰਨ੍ਹਾਂ ਨੂੰ ਭਾਰਤ ਸਰਕਾਰ/ ਰਾਜ ਸਰਕਾਰ ਤੋਂ ਪੈਨਸ਼ਨ ਮਿਲਦੀ ਹੋਵੇ ਅਤੇ ਤਾਮਰ ਪੱਤਰ ਵੀ ਮਿਲਿਆ ਹੋਇਆ ਹੈ।

: ਅਜਿ ਸੁਤੰਤਰਤਾ ਸੰਗਰਾਮੀ, ਜਿੰਨ੍ਹਾ ਨੇ ਦੇਸ਼ ਲਈ ਕੁਰਬਾਨੀ ਦਿੱਤੀ ਹੋਵੇ।

: ਉੱਘੇ ਵਿਅਕਤੀ, ਜਿੰਨ੍ਹਾਂ ਨੇ ਸਮਾਜ ਦੀ ਭਲਾਈ - ਜਿਵੇਂ ਸਿਹਤ, ਸਿੱਖਿਆ, ਵਾਤਾਵਰਨ, ਗਰੀਬਾਂ ਦੀ ਸਹਾਇਤਾ ਆਦਿ - ਦੇ ਕੰਮਾਂ ਵਿੱਚ ਕੋਈ ਵਿਸ਼ੇਸ਼ ਯੋਗਦਾਨ ਪਾਇਆ ਹੋਵੇ, ਜਿਸਨੂੰ ਯਾਦ ਕੀਤਾ ਜਾਣਾ ਜਰੂਰੀ ਸਮਝਿਆ ਜਾਵੇ।

: ਕੋਈ ਹੋਰ ਉੱਘੀ ਸ਼ਖਸਿਅਤ, ਜੋ ਉਕਤ ਕੈਟਾਗਰੀਆਂ ਵਿੱਚ ਸ਼ਾਮਲ ਨਹੀਂ ਹੈ।

(ਅ) ਨਾਂ ਰੱਖਣ ਸਮੇਂ ਸਬੰਧਤ ਨਗਰ ਨਿਗਮ ਵੱਲੋਂ ਅਜੰਡਾ ਆਈਟਮ ਵੱਜੋਂ ਸਪਸ਼ਟ ਵਿਚਾਰ ਕੇ ਹੀ ਯੋਗ ਫੈਸਲਾ ਕੀਤਾ ਜਾਵੇਗਾ ਅਤੇ ਇਹ ਫੈਸਲਾ ਸਬੰਧਤ ਮਤੇ ਦੀ ਸਮੱਰਥ ਅਥਾਰਟੀ ਤੋਂ ਪ੍ਰਵਾਨਗੀ ਹੋਣ ਉਪਰੰਤ ਹੀ ਲਾਗੂ ਸਮਝਿਆ ਜਾਵੇਗਾ।

(ੲ) ਜੇਕਰ ਕਿਸੇ ਜਗ੍ਹਾ ਦੇ ਪਹਿਲਾਂ ਰੱਖੇ ਨਾਂ ਨੂੰ ਤਬਦੀਲ ਕਰਨਾ ਹੋਵੇ, ਤਾਂ ਅਜਿਹੀ ਤਜਵੀਜ ਦਾ ਮਤਾ ਸਬੰਧਤ ਸੰਸਥਾ ਵੱਲੋਂ ਪਾਸ ਹੋਣ ਅਤੇ ਸਮੱਰਥ ਅਥਾਰਟੀ ਤੋਂ ਪ੍ਰਵਾਨ ਹੋਣ ਉਪਰੰਤ ਵੀ ਸਰਕਾਰ ਦੀ ਪ੍ਰਵਾਨਗੀ ਲੈਣੀ ਲਾਜ਼ਮੀ ਹੋਵੇਗੀ।
ਕੇਸ ਹਾਊਸ ਦੇ ਵਿਚਾਰ ਹਿੱਤ।

**ਮਤਾ ਨੰਬਰ 22: ਪਾਸ ਕੀਤਾ ਗਿਆ ਕਿ 80' ਸੜ੍ਹਕ ਦਾ ਨਾਮ ਸ਼੍ਰੀ ਨਵਲ ਮਹਾਰਾਜ ਜੀ ਦੇ ਨਾਮ ਤੇ ਰੱਖਣਾ ਪ੍ਰਵਾਨ ਹੈ।**
**ਮਜ਼ੀਦ ਪਾਸ ਕੀਤਾ ਗਿਆ ਕਿ ਪਟਿਆਲਾ ਫਾਟਕ ਤੇ ਬਣੇ ਚੌਂਕ ਦਾ ਨਾਮ ਬਾਬਾ ਸਾਹਿਬ ਡਾ: ਭੀਮ ਰਾਉ ਅੰਬੇਦਕਾਰ ਚੌਂਕ ਰੱਖਣਾ ਪਾਸ ਕੀਤਾ ਜਾਂਦਾ ਹੈ।**

**ਇਸ ਉਪਰੰਤ ਸਪਲਈਮੈਂਟਰੀ ਏਜੰਡੇ ਤੇ ਵਿਚਾਰ ਕੀਤਾ ਗਿਆ:**

**ਏਜੰਡਾ ਨੰ: 1**

ਰਿਪੋਰਟ ਓ.ਐਂਡ ਐਮ.ਸ਼ਾਖਾ ਕਿ ਸ਼ਹਿਰ ਦੇ ਮੇਨ ਸੀਵਰ ਅਤੇ 5000 ਮੇਨ ਹੋਲ ਨੂੰ ਸਾਫ ਕਰਨ ਖਾਤਰ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਤੋਂ 92.00 ਲੱਖ ਰੁਪਏ ਦਾ ਤਖਮੀਨਾ ਪ੍ਰਾਪਤ ਹੋਇਆ ਹੈ। ਪ੍ਰਾਪਤ ਤਖਮੀਨਾ ਹਾਊਸ ਦੇ ਵਿਚਾਰ ਹਿੱਤ।

**ਮਤਾ ਨੰਬਰ 23: ਪ੍ਰਵਾਨ ਹੈ।**

**ਮਜ਼ੀਦ ਪਾਸ ਕੀਤਾ ਗਿਆ ਕਿ ਇਸ ਕੰਮ ਨੂੰ ਕਰਾਉਣ ਤੋਂ ਪਹਿਲਾਂ ਇਹ ਯਕੀਨੀ ਬਣਾ ਲਿਆ ਜਾਵੇ ਕਿ ਉਕਤ ਕੰਮ ਤ੍ਰਿਵੇਣੀ ਕੰਪਨੀ ਨਾਲ ਕੀਤੇ ਇਕਰਾਰਨਾਮੇ ਵਿੱਚ ਸ਼ਾਮਲ ਨਾ ਹੋਵੇ। ਇਹਯਕੀਨੀ ਬਨਾਉਣ ਖਾਤਰ 3 ਮੈਂਬਰੀ ਕਮੇਟੀ ਬਣਾਈ ਜਾਵੇ। ਕਮੇਟੀ ਬਨਾਉਣ ਦਾ ਅਧਿਕਾਰ ਮਾਨਯੋਗ ਮੇਅਰ ਸਾਹਿਬ ਨੂੰ ਦਿੱਤਾ ਜਾਂਦਾ ਹੈ।**

**ਏਜੰਡਾ ਨੰ: 2**

ਦਫਤਰੀ ਰਿਪੋਰਟ ਕਿ ਸ਼ਹਿਰ ਦੇ ਵੱਖ-ਵੱਖ ਹਿੱਸਿਆਂ ਵਿੱਚ ਵਿਕਾਸ ਦੇ ਕੰਮ ਕਰਾਉਣ ਲਈ ਹੇਠ ਲਿਖੇ ਅਨੁਸਾਰ ਤਖਮੀਨੇ ਤਿਆਰ ਕੀਤੇ ਗਏ ਹਨ:-

| ਲੜੀ ਨੰ: | ਵਾਰਡ ਨੰਬਰ | ਕੰਮ ਦਾ ਨਾਮ | ਤਖਮੀਨੇ ਦੀ ਰਕਮ (ਲੱਖਾਂ ਵਿੱਚ) |
|---|---|---|---|
| 1 | | ਪ/ਲ ਬੀ.ਐਮ. ਪੀ.ਸੀ. ਇਨ ਸਟਰੀਟ ਨੰ: 7, ਭਾਗੂ ਰੋਡ | 11.56 |
| 2 | | ਅਜੀਤ ਰੋਡ ਤੇ ਪਾਣੀ ਵਾਲੀ ਟੈਂਕੀ ਦੇ ਥੱਲੇ ਬਣੀ ਪਾਰਕ ਦਾ ਵਿਕਾਸ ਕਰਨਾ | 5.00 |
| 3 | | ਰਿਪਲੇਸਿੰਗ ਇੰਟਰਲਾਕਿੰਗ ਟਾਇਲਜ਼ ਇਨ ਸ਼ਾਸਤਰੀ ਗਲੀ ਆਨ ਅਮਰੀਕ ਸਿੰਘ ਰੋਡ ਐਂਡ ਰਿਲੇਟਡ ਵਰਕਸ | 5.35 |
| 4 | | ਸੋਲਿਡ ਵੇਸਟ ਪਲਾਂਟ ਤੇ ਕੂੜ੍ਹੇ ਨੂੰ ਮਿੱਟੀ ਨਾਲ ਢੱਕਣਾ | 38.75 |
| 5 | | ਸਪਲਾਈ ਆਫ ਸਟਰੀਟ ਲਾਈਟ ਮਟੀਰਿਅਲ | 36.00 |
| 6 | | ਕੰਸ: ਆਫ ਬਫਰ ਪੌਂਡ ਫਾਰ ਸੀਵਰੇਜ਼ ਕੂਲੈਕਸ਼ਨ ਐਟ ਗਰੋਥ ਸੈਂਟਰ | 25.20 |
| 7 | 24 | ਕੰਸ: ਆਫ ਫੁੱਟਪਾਥ ਇਨ ਪਾਰਕ ਐਡਜੋਆਇਨਿੰਗ ਭੋਜ ਰਾਜ ਜੈਨ ਸਕੂਲ ਇਨ ਵੀਰ ਕਲੋਨੀ | 6.19 |

**ਮਤਾ ਨੰਬਰ 24: ਪ੍ਰਵਾਨ ਹੈ।**

**ਸ਼੍ਰੀ ਹਰਜਿੰਦਰ ਸਿੰਘ ਟੋਨੀ, ਸ਼੍ਰੀ ਜਗਰਾਜ ਸਿੰਘ, ਕੌਂਸਲਰਜ਼ ਨੇ ਮੰਗ ਕੀਤੀ ਕਿ ਉਹਨਾਂ ਦੇ ਵਾਰਡ ਵਿੱਚ ਸੜ੍ਹਕਾਂ ਦੇ ਵਿੱਚ ਆ ਰਹੇ ਟਰਾਂਸਫਾਰਮਰ ਇੱਕ ਸਾਈਡ ਤੇ ਕਰਵਾਏ ਜਾਣ, ਤਾਂ ਜੋ ਕਿਸੇ ਕਿਸਮ ਦੀ ਅਣਸੁਖਾਵੀਂ ਘਟਨਾ ਨੂੰ ਵਾਪਰਨ ਤੋਂ ਬਚਾਇਆ ਜਾ ਸਕੇ।**

**ਇਸਤੇ ਮਜ਼ੀਦ ਪਾਸ ਕੀਤਾ ਗਿਆ ਕਿ ਅਮਰਪੁਰਾ ਬਸਤੀ ਗਲੀ ਨੰਬਰ 3 ਦੇ ਸਾਹਮਣੇ, ਨਰੂਆਣਾ ਰੋਡ, ਸੰਗੂਆਣਾ ਬਸਤੀ, ਬਲਰਾਜ ਨਗਰ, ਉਧਮ ਸਿੰਘ ਨਗਰ ਅਤੇ ਬੰਗੀ ਨਗਰ ਆਦਿ ਵਿਖੇ ਸੜ੍ਹਕਾਂ ਦੇ ਵਿਚਕਾਰ ਜੋ ਟਰਾਂਸਫਾਰਮਰ, ਬਿਜਲੀ ਦੇ ਖੰਭੇ ਅਤੇ ਬਿਜਲੀ ਦੀਆਂ ਤਾਰਾਂ ਆ ਰਹੀਆਂ ਹਨ, ਉਹਨਾਂ ਨੂੰ ਸਾਈਡ ਤੇ ਕਰਨ ਖਾਤਰ**

**ਦਫਤਰ ਵੱਲੋਂ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇ। ਇਸ ਸਬੰਧੀ ਆਉਣ ਵਾਲੇ ਖਰਚੇ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।**

**ਏਜੰਡਾ ਨੰ: 3**

ਸ਼੍ਰੀ ਸਰੂਪ ਚੰਦ ਸਿੰਗਲਾ, ਐਮ.ਐਲ.ਏ. ਬਠਿੰਡਾ ਜੀ ਨੇ ਹਾਊਸ ਦੇ ਸਾਹਮਣੇ ਮੈਸ: ਸੋਫਟੈਲ ਸੋਲੂਸ਼ਨਜ਼, ਬਠਿੰਡਾ ਵੱਲੋਂ ਬਠਿੰਡਾ ਸ਼ਹਿਰ ਦੀਆਂ ਸਾਰੀਆਂ ਪ੍ਰਾਪਰਟੀਜ਼ ਦੀ ਜਾਣਕਾਰੀ, ਬਕਾਇਆਜਾਤ, ਨਕਸ਼ੇ ਦਾ ਸਟੇਟਸ ਆਦਿ ਦੀ ਸੂਚਨਾਂ ਆਮ ਜਨਤਾ ਨੂੰ ਉਪਲਬੱਧ ਕਰਵਾਉਣ ਬਾਰੇ ਅਤੇ ਦਫਤਰ ਨਗਰ ਨਿਗਮ ਬਠਿੰਡਾ ਦੇ ਸਾਰੇ ਡਾਟੇ ਦੀ ਅਪਡੇਸ਼ਨ ਲਗਾਤਾਰ ਕਰਨ ਲਈ ਸਮਾਰਟ ਕਾਰਡ ਪ੍ਰਪੋਜ਼ਲ ਰੱਖੀ ਗਈ। ਉਹਨਾਂ ਵੱਲੋਂ ਹੇਠ ਲਿਖੇ ਅਨੁਸਾਰ ਇਸਦੀ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ:

ਸਮਾਰਟ ਕਾਰਡ ਯੋਜਨਾ ਦਾ ਮੁੱਖ ਮਕਸਦ ਹਰੇਕ ਪ੍ਰਾਪਰਟੀ ਬਾਰੇ ਸਹੀ ਸੂਚਨਾਂ, ਬਕਾਇਆਜਾਤ ਬਾਰੇ ਸੂਚਨਾਂ ਅਤੇ ਸ਼ਿਕਾਇਤਾਂ ਆਦਿ ਦਾ ਮੁੱਕਮੰਲ ਰਿਕਾਰਡ ਰੱਖਣ ਦਾ ਹੈ। ਇਸ ਨਾਲ ਨਗਰ ਨਿਗਮ ਦੇ ਸਾਰੇ ਵਿਭਾਗਾਂ ਦੀ ਸੂਚਨਾਂ ਇੱਕ ਪਲੇਟਫਾਰਮ ਤੇ ਉਪਲਬੱਧ ਹੋ ਸਕੇਗੀ।

**ਯੋਜਨਾ ਦਾ ਮਕਸਦ:**

1. ਹਰੇਕ ਪ੍ਰਾਪਰਟੀ ਦੀ ਪ੍ਰਵਾਨਤ ਜਾਣਕਾਰੀ
2. ਅਣਪਛਾਤੀਆਂ ਪ੍ਰਾਪਰਟੀਆਂ ਦੀ ਨਿਸ਼ਾਨਦੇਹੀ
3. ਨਗਰ ਨਿਗਮ ਦੇ ਵੱਖ-ਵੱਖ ਵਿਭਾਗਾਂ ਦੀ ਸੂਚਨਾਂ ਇੱਕ ਪਲੇਟਫਾਰਮ ਤੇ ਉਪਲਬੱਧ ਰੱਖਣਾ
4. ਸਾਰੀਆਂ ਟੈਕਸੇਬਲ, ਨਾਨ-ਟੈਕਸੇਬਲ ਪ੍ਰਾਪਰਟੀਆਂ ਨੂੰ ਨਗਰ ਨਿਗਮ ਦੇ ਰਿਕਾਰਡ ਤੇ ਲੈ ਕੇ ਆਉਣਾ।
5. ਨਗਰ ਨਿਗਮ ਬਠਿੰਡਾ ਨਾਲ ਸਬੰਧਤ ਸਾਰੇ ਮਾਮਲਿਆਂ ਲਈ ਇੱਕੋ ਇੱਕ ਆਈਡੈਨਟਿਟੀ

ਹਰੇਕ ਪ੍ਰਾਪਰਟੀ ਲਈ ਇੱਕ ਸਮਾਰਟ ਕਾਰਡ ਬਣਾਇਆ ਜਾਵੇਗਾ। ਸਮਾਰਟ ਕਾਰਡ ਵਿੱਚ ਪ੍ਰਾਪਰਟੀ ਦੀ ਸਾਰੀ ਸੂਚਨਾਂ ਹੋਵੇਗੀ। ਕਾਰਡ ਤੇ ਪ੍ਰਾਪਰਟੀ ਦੀ ਫਿਜ਼ੀਕਲ ਤਸਵੀਰ ਹੋਵੇਗੀ। ਜੀ.ਆਈ.ਐਸ. ਬੇਸਡ, ਯੂ.ਆਈ.ਡੀ. ਨੰਬਰ ਹਰੇਕ ਪ੍ਰਾਪਰਟੀ ਦਾ ਨਾਲ ਹੋਵੇਗਾ। ਸਮਾਰਟ ਕਾਰਡ ਵਿੱਚ ਪ੍ਰਾਪਰਟੀ ਦੀ ਲੋਕੇਸ਼ਨ ਦੇ coordinate ਹੋਣਗੇ।

ਇਸ ਕੰਮ ਨੂੰ ਕਰਨ ਲਈ ਏਰੀਆ/ ਜ਼ੋਨ ਵਾਈਜ਼ ਕੈਂਪ ਆਫਿਸ ਲਗਾਏ ਜਾਣਗੇ, ਫੋਟੋ ਕੀਤੀ ਜਾਵੇਗੀ, ਜੀ.ਈ.ਓ. ਟੈਸਟਿੰਗ ਕੀਤੀ ਜਾਵੇਗੀ, ਮਾਲਿਕਾਨਾ ਹੱਕ ਦੀ ਅਤੇ ਸਾਈਜ਼ ਦੀ ਜਾਂਚ ਕੀਤੀ ਜਾਵੇਗੀ। ਜੇਕਰ ਨਗਰ ਨਿਗਮ ਦੇ ਰਿਕਾਰਡ ਵਿੱਚ ਸੋਧ ਦੀ ਜਰੂਰਤ ਹੋਈ ਤਾਂ ਕੀਤੀ ਜਾਵੇਗੀ (ਨਗਰ ਨਿਗਮ ਦੀ ਪ੍ਰਵਾਨਗੀ ਤੋਂ ਬਾਅਦ)। ਇਸ ਕਾਰਡ ਨੂੰ ਬਨਾਉਣ ਉਪਰੰਤ ਆਮ ਜਨਤਾ ਵਿੱਚ ਵੰਡਿਆ ਜਾਵੇਗਾ।

ਸਮਾਰਟ ਕਾਰਡ ਬਣਨ ਉਪਰੰਤ ਕਿਉਸਕਸ ਰਾਹੀਂ ਵੀ ਆਮ ਜਨਤਾ ਆਪਣਾ ਟਰਾਂਸੈਕਸ਼ਨ ਕਰ ਸਕੇਗੀ। ਨਗਰ ਨਿਗਮ ਸਬੰਧੀ ਅਦਾਇਗੀਆਂ/ਰਸੀਦਾਂ ਕਾਰਡ ਤੇ ਉਪਲਬਧ ਤੁਰੰਤ ਹੋਣਗੀਆਂ।

ਨਗਰ ਨਿਗਮ ਦੇ ਕਿਉਸਕਸ ਸ਼ਹਿਰ ਵਿੱਚ ਵੱਖ-ਵੱਖ ਥਾਂਵਾਂ ਤੇ ਲਗਾਏ ਜਾ ਸਕਦੇ ਹਨ। ਇੰਨ੍ਹਾਂ ਕਿਉਸਕਸ ਰਾਹੀਂ ਸ਼ਹਿਰ ਵਿੱਚ ਕਿਸੇ ਵੀ ਥਾਂ ਤੋਂ ਆਪਣੀ ਟਰਾਂਸੈਕਸ਼ਨ ਕਰ ਸਕੇਗਾ।

ਇੱਕ ਮੋਬਾਇਲ ਐਪ ਵੀ ਤਿਆਰ ਕੀਤੀ ਜਾਵੇਗੀ, ਜੋ ਕਿ ਐਂਡਰਾਇਡ ਫੋਨ ਤੇ ਪਲੇ ਸਟੋਰ ਵਿੱਚੋਂ ਡਾਊਨਲੋਡ ਕੀਤੀ ਜਾ ਸਕੇਗੀ। ਇਸ ਐਪਲੀਕੇਸ਼ਨ ਨੂੰ ਡਾਊਨਲੋਡ ਕਰਨ ਉਪਰੰਤ ਮੋਬਾਇਲ ਨੰਬਰ ਰਜਿਸਟਰਡ ਕੀਤਾ ਜਾ ਸਕੇਗਾ, ਜਿਸਤੇ ਪ੍ਰਾਪਰਟੀ ਸਬੰਧੀ ਸਾਰੀ ਸੂਚਨਾਂ ਉਪਲਬੱਧ ਹੋਵੇਗੀ। ਆਮ ਨੋਟਿਸ ਅਤੇ ਸੰਦੇਸ਼ ਮੋਬਾਇਲ ਰਾਹੀਂ ਆਮ ਜਨਤਾ ਤੱਕ ਪਹੁੰਚਾਏ ਜਾ ਸਕਣਗੇ।

**ਆਮ ਜਨਤਾ ਨੂੰ ਹੋਣ ਵਾਲੇ ਫਾਇਦੇ/ਲਾਭ:-**

1. ਕੋਈ ਵੀ ਵਿਅਕਤੀ ਆਪਣੀ ਪ੍ਰਾਪਰਟੀ ਬਾਰੇ ਕਿਤੋਂ ਵੀ ਸੂਚਨਾਂ ਦੇਖ ਸਕਦਾ ਹੈ।
2. ਨਗਰ ਨਿਗਮ ਸਬੰਧੀ ਅਦਾਇਗੀਆਂ ਲਈ ਸ਼ਿਕਾਇਤਾਂ/ ਕੰਮਾਂ ਲਈ ਦਫਤਰ ਆਉਣ ਦੀ ਜਰੂਰਤ ਨਹੀਂ ਰਹੇਗੀ।
3. ਪ੍ਰਾਪਰਟੀ ਬਾਰੇ ਸੂਚਨਾਂ ਅਪਡੇਟਿਡ ਰਹੇਗੀ।
4. ਵੱਖ-ਵੱਖ ਸੇਵਾਵਾਂ ਲਈ ਘਰੋਂ ਹੀ ਅਪਲਾਈ ਕੀਤਾ ਜਾ ਸਕੇਗਾ।
5. ਨਗਰ ਨਿਗਮ ਨਾਲ ਈ-ਮੇਲ, ਮੈਸੇਜ਼ ਜਾਂ ਪੋਰਟਲ ਰਾਹੀਂ ਕੰਮਿਊਨਿਕੇਸ਼ਨ ਹੋ ਸਕੇਗਾ।
6. ਡਾਟਾ ਸੁਰੱਖਿਅਤ ਰਹੇਗਾ।

ਉਪਰੋਕਤ ਤਜਵੀਜ ਸਬੰਧੀ ਬਿਨੈਕਾਰ ਵੱਲੋਂ ਡਿਟੇਲਡ ਪ੍ਰੈਜ਼ੇਨਟੇਸ਼ਨ ਹਾਊਸ ਵਿੱਚ ਦੇਣ ਅਤੇ ਇਸਤੇ ਫੈਸਲਾ ਲੈਣ ਲਈ ਕੇਸ ਹਾਊਸ ਦੇ ਵਿਚਾਰ ਹਿੱਤ।

**ਮਤਾ ਨੰਬਰ 25: ਪ੍ਰਵਾਨ ਹੈ।**

**ਏਜੰਡਾ ਨੰ: 4**

ਸ਼੍ਰੀ ਸਰੂਪ ਚੰਦ ਸਿੰਗਲਾ, ਐਮ.ਐਲ.ਏ. ਬਠਿੰਡਾ ਜੀ ਨੇ ਤਜਵੀਜ ਕੀਤਾ ਕਿ ਮਾਲ ਰੋਡ ਦੀ ਬੈਕ ਸਾਈਡ, ਬਾਹੀਆ ਫੋਰਟ ਹੋਟਲ ਦੇ ਪਾਸ ਬਹੁਤ ਜਿਆਦਾ ਕਮਰਸ਼ੀਅਲ ਦੁਕਾਨਾਂ ਬਣ ਚੁੱਕੀਆਂ ਹਨ। ਇਸ ਲਈ ਬਿਹਤਰ ਹੋਵੇਗਾ ਕਿ ਇਸ ਜਗ੍ਹਾ ਕਮਰਸ਼ੀਅਲ ਨਕਸ਼ੇ ਪਾਸ ਕਰਨ ਖਾਤਰ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇ। ਸ਼੍ਰੀ ਜਸਵੀਰ ਸਿੰਘ ਜੱਸਾ, ਕੌਂਸਲਰ ਨੇ ਵੀ ਧਿਆਨ ਵਿੱਚ ਲਿਆਂਦਾ ਕਿ ਗਰੀਨ ਪੈਲੇਸ ਰੋਡ ਤੇ ਵੀ ਕਮਰਸ਼ੀਅਲ ਨਕਸ਼ੇ ਪਾਸ ਕਰਨ ਸਬੰਧੀ ਕਾਰਵਾਈ ਕੀਤੀ ਜਾਵੇ।ਸ਼੍ਰੀ ਬਲਜੀਤ ਸਿੰਘ ਰਾਜੂ ਸਰਾਂ, ਕੌਂਸਲਰ ਨੇ ਕਿਹਾ ਕਿ ਸ਼ਹਿਰ ਵਿੱਚ ਸ਼ਾਮਲਾਟ ਪੱਤੀ ਤੇ ਰਹਿ ਰਹੇ ਲੋਕਾਂ ਦੇ ਨਕਸ਼ੇ ਪਾਸ ਕੀਤੇ ਜਾਣ।

ਮਤਾ ਨੰਬਰ 26: **ਪਾਸ ਕੀਤਾ ਗਿਆ ਕਿ ਮਾਲ ਰੋਡ ਦੀ ਬੈਕ ਸਾਈਡ, ਬਾਹੀਆ ਫੋਰਟ ਹੋਟਲ ਦੇ ਪਾਸ ਅਤੇ ਗਰੀਨ ਪੈਲੇਸ ਰੋਡਨੂੰ ਕਮਰਸ਼ੀਅਲ ਡਿਕਲੇਅਰ ਕਰਨ ਸਬੰਧੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇ। ਇਸਤੋਂ ਇਲਾਵਾ ਸ਼ਹਿਰ ਵਿੱਚ ਸ਼ਾਮਲਾਟ ਜਮੀਨਾਂ ਦੇ ਨਕਸ਼ੇ ਪਾਸ ਕਰਨ ਸਬੰਧੀ ਕਾਨੂੰਨੀ ਰਾਏ ਲੈ ਕੇ ਫੈਸਲਾ ਲੈਣ ਖਾਤਰ 5 ਮੈਂਬਰੀ ਕਮੇਟੀ ਬਣਾਈ ਜਾਵੇ। ਕਮੇਟੀ ਬਨਾਉਣ ਦਾ ਅਧਿਕਾਰ ਮਾਨਯੋਗ ਮੇਅਰ ਸਾਹਿਬ ਨੂੰ ਦਿੱਤਾ ਗਿਆ।**

ਸਹੀ/-
**ਮੇਅਰ**
**ਨਗਰ ਨਿਗਮ, ਬਠਿੰਡਾ।**